ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 20 Issue 43 Friday December 17 to December 24, 2021 www.PUNJABIDUNIYA.com Published Weekly from New York










# ਓਮੀਕਰੋਨ: ਕੋਰੋਨਾਵਾਇਰਸ ਦਾ ਇਹ ਨਵਾਂ ਵੇਰੀਐਂਟ ਕਿੱਥੋਂ ਆਇਆ ਸੀ, ਇਹ ਜਾਨਣਾ ਇਸ ਲਈ ਹੈ ਜ਼ਰੂਰੀ

ਜਦੋਂ ਦੱਖਣੀ ਅਫਰੀਕਾ ਦੇ ਵਿਗਿਆਨੀਆਂ ਨੂੰ ਕੋਵਿਡ-19 ਦੇ ਨਵੇਂ ਵੇਰੀਐਂਟ ਓਮੀਕਰੋਨ ਬਾਰੇ ਪਤਾ ਲੱਗਾ ਤਾਂ ਬਹੁਤ ਸਾਰੀਆਂ ਚੀਜ਼ਾਂ ਸਨ ਜਿਨ੍ਹਾਂ ਦਾ ਪਤਾ ਲਗਾਉਣਾ ਬਾਕੀ ਸੀ।

ਸਭ ਤੋਂ ਪਹਿਲੀ ਤੇ ਮਹੱਤਵਪੂਰਨ ਗੱਲ ਇਹ ਹੈ ਕਿ ਵਾਇਰਸ ਦੇ ਇਸ ਵੇਰੀਐਂਟ ਵਿੱਚ ਮਿਊਟੇਸ਼ਨ ਦੀ ਅਸਲ ਸੰਖਿਆ, ਮਿਊਟੇਸ਼ਨ ਦਾ ਇੱਕ ਸੁਮੇਲ ਜੋ ਅਜੇ ਤੱਕ ਮਾਹਿਰਾਂ ਦੇ ਇੱਕ ਗਲੋਬਲ ਨੈੱਟਵਰਕ ਵੱਲੋਂ ਕੀਤੀ ਗਈ ਜੈਨੇਟਿਕ ਨਿਗਰਾਨੀ ਰਾਹੀਂ ਨਹੀਂ ਚੁੱਕਿਆ ਗਿਆ ਸੀ।

ਕਆਜ਼ੁਲੁ ਨਟਲ ਯੂਨੀਵਰਸਿਟੀ ਵਿੱਚ ਲਾਗ ਵਾਲੇ ਰੋਗਾਂ ਦੇ ਮਾਹਿਰ ਅਤੇ ਵਾਇਰਸ ਦੀ ਪਛਾਣ ਕਰਨ ਵਾਲੀ ਟੀਮ ਦਾ ਹਿੱਸਾ ਰਹੇ ਡਾ. ਰਿਚਰਡ ਲੇਸੈੱਲ ਨੇ ਬੀਬੀਸੀ ਨੂੰ ਦੱਸਿਆ, ÷ਓਮੀਕਰੋਨ ਬਿਲਕੁਲ ਵੱਖਰਾ ਹੈ।÷

ਲੇਸੈੱਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਮਹਿਸੂਸ ਹੋਇਆ ਕਿ ਕੁਝ ਆਸਾਧਰਨ ਹੋ ਰਿਹਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਉੱਪ-ਸਹਾਰਾ ਅਫਰੀਕਾ ਵਿੱਚ ਕਮਜ਼ੋਰ ਇਮਿਊਨ ਸਿਸਟਮ ਵਾਲੇ ਵਿਅਕਤੀ, ਸੰਭਾਵਿਤ ਤੌਰ @ਤੇ ਲਾਇਲਾਜ ਐੱਚਆਈਵੀ ਨਾਲ ਪੀੜਤ, ਵਿੱਚ ਵਿਕਸਿਤ ਹੋ ਕੇ ਅਚਨਾਕ ਸਾਰਿਆਂ @ਤੇ ਹਮਲਾ ਕੀਤਾ ਤੇ ਫਿਰ 40 ਦੇਸ਼ਾਂ ਵਿੱਚ ਫੈਲ ਗਿਆ।

ਉੱਥੇ ਹੀ ਵੇਰੀਐਂਟ ਦੇ ਘੱਟੋ-ਘੱਟ ਦੋ ਹੋਰ ਵਿਹਾਰਕ ਸਪੱਸ਼ਟੀਕਰਨ ਹਨ, ÷ਇੱਕ ਵਿਅਕਤੀ ਦੀ ਕਲਪਨਾ÷ ਜਿਸ ਨੂੰ ਵਿਗਿਆਨ ਵਿੱਚ ਸਮਰਥਨ ਹਾਸਿਲ ਹੈ।

ਪਰ ਇਹ ਮਾਅਨੇ ਕਿਉਂ ਰੱਖਦਾ ਹੈ ਕਿ ਓਮੀਕਰੋਨ ਕਿੱਥੋਂ ਆਇਆ ਅਤੇ ਕਿਵੇਂ ਆਇਆ ?

ਓਮੀਕਰੋਨ ਦਾ ਮੂਲ

'ਨੂੰ ਅਜੇ ਤੱਕ ਪੱਕੇ ਤੌਰ @ਤੇ ਇਹ ਨਹੀਂ ਪਤਾ ਕਿ ਓਮੀਕਰੋਨ ਕਿੱਥੇ ਵਿਕਸਿਤ ਹੋਇਆ ਜਾਂ ਕਿਹੜੇ ਹਾਲਾਤ ਵਿੱਚ ਹੋਇਆ।

ਇਸ ਤੋਂ ਇਲਾਵਾ ਵੇਰੀਐਂਟ ਬਾਰੇ ਪਹਿਲੀ ਰਿਪੋਰਟ ਵਿਸ਼ਵ ਸਿਹਤ ਸੰਗਠਨ ਨੂੰ ਦੱਖਣੀ ਅਫਰੀਕਾ ਤੋਂ 24 ਨਵੰਬਰ ਤੋਂ ਆਈ ਸੀ।

ਪਰ ਵਿਗਿਆਨੀਆਂ ਅਤੇ ਪਬਲਿਕ ਹੈਲਥ ਮਾਹਿਰਾਂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਇਹ ਵੇਰੀਐਂਟ ਕਦੋਂ ਤੇ ਕਿੱਥੇ ਮਿਲਿਆ, ਕਿਉਂਕਿ ਇਹ ਵਾਇਰਸ ਸੰਚਾਰ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕਰਦਾ ਹੈ, ਜਿਸ ਵਿੱਚ ਲੌਕਡਾਊਨ ਅਤੇ ਆਵਾਜਾਈ ਸਬੰਧੀ ਪਾਬੰਦੀਆਂ ਵੀ ਸ਼ਾਮਿਲ ਹਨ।

ਹਾਲਾਂਕਿ, ਇਨ੍ਹਾਂ ਦੀ ਇਹ ਕਹਿ ਕੇ ਆਲੋਚਨਾ ਵੀ ਕੀਤੀ ਗਈ ਹੈ ਕਿ ਇਹ ਸਾਰੇ ਉਪਾਅ ਬੇਅਸਰ ਹਨ।

ਜਿੰਨੀ ਛੇਤੀ ਇੱਕ ਵੇਰੀਐਂਟ ਦਾ ਪਤਾ ਲਗਦਾ ਹੈ, ਓਨਾਂ ਹੀ ਜ਼ਿਆਦਾ ਸਮਾਂ ਇਹ ਤੈਅ ਕਰਨ ਵਿੱਚ ਲਗਦਾ ਹੈ ਕਿ ਇਹ ਕਿੰਨਾ ਕੁ ਗੰਭੀਰ ਹੈ, ਕੀ ਹੈ ਵਧੇਰੇ ਲਾਗਸ਼ੀਲ ਹੈ ?

ਕੀ ਇਹ ਲਾਗ ਵਾਲੇ ਵਿਅਕਤੀ ਅੰਦਰ ਆਪਣੇ ਆਪ ਵਧਦਾ ਹੈ ? ਕੀ ਇਹ ਗੰਭੀਰ ਬਿਮਾਰੀ ਦਾ ਕਾਰਨ ਬਣਦਾ ਹੈ ? ਕੀ ਇਹ ਸਰੀਰ ਦੇ ਇਮਿਊਨ ਸਿਸਟਮ ਤੋਂ ਬਚ ਨਿਕਲਦਾ ਹੈ ?

÷ਕਿਵੇਂ÷ ਵੀ ਓਨਾਂ ਹੀ ਮਹੱਤਵਪੂਰਨ ਹੈ ?

ਜੇ ਓਮੀਕਰੋਨ ਸੱਚਮੁੱਚ ਕਮਜ਼ੋਰ ਇਮਿਊਨ ਸਿਸਟਮ ਵਾਲੇ ਵਿਅਕਤੀ ਅੰਦਰ ਵਿਕਸਿਤ ਹੁੰਦਾ ਹੈ ਤਾਂ ਇਹ ਕੋਵਿਡ ਖ਼ਿਲਾਫ਼ ਲੜਾਈ ਵਿੱਚ ਉਨ੍ਹਾਂ


**ਬਾਕੀ ਸਫ਼ਾ 13 'ਤੇ**






Insurance

Tel : 516 NLIGHT 8 (516 654 4488)

# ਕਿਸਾਨ ਆਗੂ ਹਰਿਮੰਦਰ ਸਾਹਿਬ ਨਤਮਸਤਕ, ਸ਼ੁੱਕਰਾਨੇ ਦੀ ਅਰਦਾਸ ਕੀਤੀ ਸ਼੍ਰੋਮਣੀ ਕਮੇਟੀ ਵਲੋਂ ਸਨਮਾਨ, ਥਾਂ ਥਾਂ ਭਰਵਾਂ ਸਵਾਗਤ

ਅੰਮ੍ਰਿਤਸਰ–ਕੇਂਦਰ ਸਰਕਾਰ ਵਲੋਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਤੇ ਹੋਰਨਾਂ ਬਕਾਇਆ ਮੰਗਾਂ ਬਾਰੇ ਸਹਿਮਤੀ ਬਣਨ ਮਗਰੋਂ ਦਿੱਲੀ ਦੀਆਂ ਸਰਹੱਦਾਂ ’ਤੇ ਲਾਏ ਮੋਰਚੇ ਚੁੱਕਣ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਇੱਥੇ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਇਨ੍ਹਾਂ ਆਗੂਆਂ ਦਾ ਸ਼੍ਰੋਮਣੀ ਕਮੇਟੀ ਸਮੇਤ ਰਸਤੇ ਵਿੱਚ ਥਾਂ –ਥਾਂ ’ਤੇ ਨਿੱਘਾ ਸਵਾਗਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵਲੋਂ ਕਿਸਾਨੀ ਸੰਘਰਸ਼ ਦੀ ਜਿੱਤ ਦੇ ਸ਼ੁੱਕਰਾਨੇ ਲਈ ਰੱਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਵੱਖ–ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ 32 ਕਿਸਾਨ ਜਥੇਬੰਦੀਆਂ ਦੇ ਆਗੂ ਤੇ ਕਿਸਾਨ ਕਾਰਕੁੰਨ ਵੱਡੇ ਕਾਫ਼ਲਿਆਂ ਦੇ ਰੂਪ ਵਿੱਚ ਵੱਖ–ਵੱਖ ਰਸਤਿਆਂ ਤੋਂ ਅੰਮ੍ਰਿਤਸਰ ਪੁੱਜੇ। ਇਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਸ਼ੁੱਕਰਾਨੇ ਦੀ ਅਰਦਾਸ ਕੀਤੀ। ਮੱਥਾ ਟੇਕਣ ਵਾਲੇ ਕਿਸਾਨ ਆਗੂਆਂ ਵਿੱਚ ਰਾਕੇਸ਼ ਟਿਕੈਤ, ਬਲਬੀਰ ਸਿੰਘ ਰਾਜੇਵਾਲ, ਰੁਲਦੂ ਸਿੰਘ ਮਾਨਸਾ, ਹਰਮੀਤ ਸਿੰਘ ਕਾਦੀਆਂ, ਬੂਟਾ ਸਿੰਘ ਬੁਰਜਗਿੱਲ, ਜਗਜੀਤ ਸਿੰਘ ਡੱਲੇਵਾਲ, ਸਤਨਾਮ ਸਿੰਘ ਅਜਨਾਲਾ, ਮਨਜੀਤ ਰਾਏ, ਡਾ. ਦਰਸ਼ਨਪਾਲ, ਨਿਰਭੈ ਸਿੰਘ ਟੂੰਡੀਕੇ, ਲਖਬੀਰ ਨਿਜਾਮਪੁਰ, ਕੰਵਲਪ੍ਰੀਤ ਸਿੰਘ ਪੰਨੂ, ਬਲਵੰਤ ਬਹਿਰਾਮਕੇ, ਹਰਜਿੰਦਰ ਸਿੰਘ ਟਾਂਡਾ, ਇੰਦਰਜੀਤ ਕੋਟਬੁੱਢਾ, ਮੁਕੇਸ਼ ਚੰਦਰ ਸ਼ਰਮਾ, ਗੁਰਨਾਮ ਸਿੰਘ ਚੜੂਨੀ, ਡਾ. ਸਵੈਮਾਨ ਸਿੰਘ, ਯੁੱਧਵੀਰ ਸਿੰਘ ਆਦਿ ਸ਼ਾਮਲ ਸਨ। ਕਿਸਾਨ ਆਗੂ ਇੱਥੇ ਇੱਕੱਠੇ ਪੁੱਜਣ ਦੀ ਥਾਂ ਵੱਖ –ਵੱਖ ਕਾਫ਼ਲਿਆਂ ਦੇ ਨਾਲ ਪੁੱਜੇ ਹਨ। ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜਾ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਨ੍ਹਾਂ ਨੂੰ ‘ਜੀ ਆਇਆਂ’ ਆਖਿਆ। ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਮਗਰੋਂ ਇਹ ਸਾਰੇ ਕਿਸਾਨ ਆਗੂ ਤੇ ਕਾਰਕੁੰਨ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਪੁੱਜੇ, ਜਿੱਥੇ ਸ਼੍ਰੋਮਣੀ ਕਮੇਟੀ ਵਲੋਂ ਸ਼ੁੱਕਰਾਨਾ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਮੈਂਬਰਾਂ ਤੇ ਹੋਰਨਾਂ ਵਲੋਂ ਕਿਸਾਨਾਂ ਨੂੰ ਇਸ ਜਿੱਤ ਦੀ ਵਧਾਈ ਦਿੱਤੀ ਗਈ ਅਤੇ ਸਿਰੋਪਾਓ ਸਮੇਤ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰੂ ਬਖਸ਼ਿਸ਼ ਸਦਕਾ ਹੀ ਪ੍ਰਧਾਨ ਮੰਤਰੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ 3 ਕਾਲੇ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ। ਖੇਤੀ ਕਾਨੂੰਨਾਂ ਦੀ ਵਾਪਸੀ ਲਈ ਕੀਤੇ ਕਿਸਾਨੀ ਅੰਦੋਲਨ ਨੇ ਇਤਿਹਾਸ ਦੁਹਰਾਇਆ ਹੈ, ਹਾਲਾਂਕਿ ਸਰਕਾਰ ਦੇ ਅੜੀਅਲ ਰਵੱਈਏ ਕਾਰਨ 700 ਤੋਂ ਵੱਧ ਕਿਸਾਨਾਂ ਨੂੰ ਆਪਣੀ ਜਾਨ ਦੇਣੀ ਪਈ ਹੈ, ਜਿਸ ਮਗਰੋਂ ਕੇਂਦਰ ਸਰਕਾਰ ਝੁਕੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਨੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਸੰਘਰਸ਼ ਦੌਰਾਨ ਹਰਿਆਣਾ ਦੇ ਕਿਸਾਨਾਂ ਨੇ ਵੀ ਛੋਟੇ ਭਰਾ ਵਾਂਗ ਡੱਟ ਕੇ ਸਾਥ ਦਿੱਤਾ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ ਕਿਸਾਨ ਸੰਘਰਸ਼ ਦੀ ਜਿੱਤ ਦੇ ਸ਼ੁੱਕਰਾਨੇ ਵਜੋਂ ਰਖਾਏ ਗਏ ਅਖੰਡ ਪਾਠ ਦੇ ਭੋਗ ਪਾਏ ਗਏ। ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਇਸ ਦੌਰਾਨ ਢਾਡੀ ਜਥਿਆਂ ਵਲੋਂ ਵਾਰਾਂ ਦੇ ਗਾਇਨ ਦੌਰਾਨ ਕਿਸਾਨੀ ਜਿੱਤ ’ਤੇ ਵੀ ਵਾਰ ਦਾ ਗਾਇਨ ਕੀਤਾ ਗਿਆ। ਸਨਮਾਨਿਤ ਕੀਤੇ ਗਏ ਕਿਸਾਨਾਂ ਵਿੱਚ ਇਨ੍ਹਾਂ ਆਗੂਆਂ ਤੋਂ ਇਲਾਵਾ ਪਰਗਟ ਸਿੰਘ, ਬੂਟਾ ਸਿੰਘ ਬੁਰਜਗਿਲ, ਬਲਦੇਵ ਸਿੰਘ ਨਿਹਾਲਗੜ੍ਹ, ਜਗਵੀਰ ਸਿੰਘ ਚੌਹਾਨ, ਕਿਰਪਾ ਸਿੰਘ, ਬੋਘ ਸਿੰਘ ਮਾਨਸਾ, ਬਲਵਿੰਦਰ ਸਿੰਘ ਔਲਖ, ਮੇਜਰ ਸਿੰਘ ਪੁਲਾਂਵਾਲਾ, ਕਿਰਨਜੀਤ ਸਿੰਘ ਸੇਖੋਂ, ਮਨਜਿੰਦਰ ਸਿੰਘ ਬੂਟਾ, ਸੁੱਚਾ ਸਿੰਘ, ਬਲਦੇਵ ਸਿੰਘ ਜੀਰਾ, ਗੁਰਪ੍ਰੀਤ ਸਿੰਘ ਕੱਟਿਆਂਵਾਲੀ, ਬੀਬੀ ਜੈਬਾਖਾਨ ਝਾਰਖੰਡ, ਮਨਦੀਪ ਸਿੰਘ ਤੇ ਹੋਰ ਸ਼ਾਮਲ ਸਨ। ਕਿਸਾਨ ਆਗੂ ਜਲ੍ਹਿਆਂਵਾਲਾ ਬਾਗ ਵੀ ਗਏ, ਜਿਥੇ ਉਨ੍ਹਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਤੋਂ ਪਹਿਲਾਂ ਜੱਲ੍ਹਿਆਂਵਾਲਾ ਬਾਗ ਦੇ ਬਾਹਰ ਕਿਸਾਨਾਂ ਤੇ ਮਜ਼ਦੂਰਾਂ ਨੇ ਕਿਸਾਨ ਆਗੂਆਂ ਦਾ ਇਨਕਲਾਬੀ ਨਾਅਰਿਆਂ ਨਾਲ ਸਵਾਗਤ ਕੀਤਾ।






# ਕਿਸਾਨ ਅੰਦੋਲਨ: ਰੰਧਾਵਾ ਹਰਿਮੰਦਰ ਸਾਹਿਬ ਨਤਮਸਤਕ



ਅੰਮ੍ਰਿਤਸਰ-ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਮਿਲੀ ਕਾਮਯਾਬੀ ਲਈ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋ ਕੇ ਗੁਰੂ ਘਰ ਦਾ ਸ਼ੁੱਕਰਾਨਾ ਕੀਤਾ। ਉਹ ਤੜਕੇ ਸ੍ਰੀ ਦਰਬਾਰ ਸਾਹਿਬ ਪੁੱਜੇ ਅਤੇ ਪਾਲਕੀ ਸਾਹਿਬ ਦੀ ਸੇਵਾ ਕੀਤੀ। ਇਸ ਮੌਕੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਭਗਵੰਤਪਾਲ ਸਿੰਘ ਸੱਚਰ ਤੇ ਹੋਰ ਆਗੂ ਵੀ ਹਾਜ਼ਰ ਸਨ।

ਮੱਥਾ ਟੇਕਣ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਰੰਧਾਵਾ ਨੇ ਕਿਹਾ ਕਿ ਉਹ ਖੁਸ਼ ਹਨ ਕਿ ਗੁਰੂ ਘਰ ਦੀ ਕ੍ਰਿਪਾ ਨਾਲ ਕਿਸਾਨਾਂ ਨੂੰ ਸੰਘਰਸ਼ ਵਿੱਚ ਕਾਮਯਾਬੀ ਮਿਲੀ ਹੈ। ਉਨ੍ਹਾਂ ਕਿਹਾ ਕਿ ਆਪਣੇ ਅੱਖੜ ਰਵੱਈਏ ਲਈ ਮਸ਼ਹੂਰ ਮੋਦੀ ਸਰਕਾਰ ਖ਼ਿਲਾਫ਼ ਪੰਜਾਬ ਦੇ ਕਿਸਾਨਾਂ ਨੇ ਜਿਸ ਦ੍ਰਿੜ੍ਹਤਾ ਨਾਲ ਸੰਘਰਸ਼ ਕਰ ਕੇ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ ਹੈ, ਇਹ ਆਪਣੀ ਤਰ੍ਹਾਂ ਦੀ ਇੱਕਲੌਤੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਜਿਵੇਂ ਦੇਸ਼ ਦੀ ਆਜ਼ਾਦੀ ਵੇਲੇ ਪੰਜਾਬੀਆਂ ਨੇ ਅੱਗੇ ਹੋ ਕੇ ਕੁਰਬਾਨੀਆਂ ਦਿੱਤੀਆਂ ਸਨ, ਠੀਕ ਉਸੇ ਤਰ੍ਹਾਂ ਖੇਤੀ ਕਾਨੂੰਨਾਂ ਵਿਰੁੱਧ ਵੀ ਪੰਜਾਬ ਦੇ ਕਿਸਾਨਾਂ ਨੇ ਅੱਗੇ ਹੋ ਕੇ ਲੜਾਈ ਲੜੀ ਹੈ। ਦੇਸ਼-ਵਿਦੇਸ਼ ਤੋਂ ਇਸ ਕਿਸਾਨ ਸੰਘਰਸ਼ ਨੂੰ ਡੱਟਵੀਂ ਹਮਾਇਤ ਵੀ ਮਿਲੀ, ਜਿਸ ਨੇ ਇਹ ਕਾਨੂੰਨ ਵਾਪਸ ਲੈਣ ਲਈ ਸਰਕਾਰ 'ਤੇ ਹੋਰ ਜੋਰ ਪਾਇਆ। ਉਨ੍ਹਾਂ ਕਿਹਾ ਕਿ ਕੇਂਦਰ ਨੇ ਇਸ ਕਿਸਾਨੀ ਸੰਘਰਸ਼ ਨੂੰ ਨਾਕਾਮ ਕਰਨ ਲਈ ਕਈ ਚਾਲਾਂ ਚੱਲੀਆਂ, ਪਰ ਸੂਝਵਾਨ ਕਿਸਾਨ ਆਗੂਆਂ ਨੇ ਸ਼ਾਂਤੀਪੂਰਨ ਢੰਗ ਨਾਲ ਆਪਣਾ ਸੰਘਰਸ਼ ਜਾਰੀ ਰੱਖਿਆ ਤੇ ਜਿੱਤ ਵਲ ਵੱਧਦੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਹਿਲੇ ਦਿਨ ਤੋਂ ਹੀ ਇਨ੍ਹਾਂ ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੀ ਆ ਰਹੀ ਹੈ ਅਤੇ ਸੰਘਰਸ਼ ਦੌਰਾਨ ਵੀ ਕਿਸਾਨਾਂ ਨਾਲ ਖੜ੍ਹੀ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸੰਘਰਸ਼ ਵਿੱਚ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਤਾਂ ਜੋ ਉਨ੍ਹਾਂ ਪਰਿਵਾਰਾਂ ਦੀ ਰੋਟੀ ਚੱਲਦੀ ਰਹੇ।

# 'ਚੰਨੀ ਦੀ ਭੈਣ' ਵਾਅਦਾ ਵਫ਼ਾ ਹੋਣ ਦੀ ਉਡੀਕ 'ਚ



ਅੰਮ੍ਰਿਤਸਰ-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਉਨ੍ਹਾਂ ਦੇ ਮੰਤਰੀ ਮੰਡਲ ਵੱਲੋਂ ਲੋਕਾਂ ਨਾਲ ਵੱਡੇ ਵਾਅਦੇ ਕੀਤੇ ਜਾ ਰਹੇ ਹਨ ਪਰ ਕੀ ਇਹ ਵਾਅਦੇ ਪੂਰੇ ਹੋਣਗੇ, ਇਹ ਗੱਲ ਸਰਕਾਰ 'ਤੇ ਸਵਾਲੀਆ ਚਿੰਨ੍ਹ ਲਾ ਰਹੇ ਹਨ। ਇਸ ਦੀ ਇੱਕ ਮਿਸਾਲ ਇੱਥੇ ਬੀਬੀ ਕੁਲਦੀਪ ਕੌਰ ਹੈ। ਉਹ ਕੋਰੋਨਾ ਕਾਲ ਤੋਂ ਬਾਅਦ ਫ਼ਾਰਗ ਕੀਤੇ 176 ਦਰਜਾ ਚਾਰ ਸਿਹਤ ਕਰਮਚਾਰੀਆਂ ਵਿੱਚ ਸ਼ਾਮਲ ਹੈ, ਜੋ ਪਿਛਲੇ ਕਈ ਦਿਨਾਂ ਤੋਂ ਕੈਬਨਿਟ ਮੰਤਰੀ ਰਾਜ ਕੁਮਾਰ ਵੇਰਕਾ ਦੇ ਘਰ ਦੇ ਬਾਹਰ ਦਿਨ-ਰਾਤ ਦਾ ਪੱਕਾ ਧਰਨਾ ਲਗਾ ਕੇ ਬੈਠੇ ਹੋਏ ਹਨ। ਇਹ ਫ਼ਾਰਗ ਕਰਮਚਾਰੀ ਇੱਥੇ ਹੀ ਨਿਰੰਤਰ ਰੋਸ ਵਿਖਾਵਾ ਕਰ ਰਹੇ ਹਨ। ਇਨ੍ਹਾਂ ਦਰਜਾ ਚਾਰ ਕਰਮਚਾਰੀਆਂ ਨੂੰ ਕੋਰੋਨਾ ਕਾਲ ਵੇਲੇ ਹਸਪਤਾਲਾਂ ਵਿੱਚ ਕੋਰੋਨਾ ਮਰੀਜ਼ਾਂ ਵਾਲੀਆਂ ਵਾਰਡਾਂ ਦੀ ਸਫ਼ਾਈ ਤੇ ਹੋਰ ਕੰਮਾਂ ਲਈ ਰੱਖਿਆ ਗਿਆ ਸੀ।

ਬੀਤੀ 6 ਦਸੰਬਰ ਨੂੰ ਜਦੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇੱਥੇ ਦੋ ਦਿਨਾ ਦੌਰੇ 'ਤੇ ਆਏ ਸਨ ਤਾਂ ਜੌੜਾ ਫ਼ਾਟਕ ਨੇੜੇ ਰੇਲਵੇ ਪੁਲ ਦਾ ਜਾਇਜ਼ਾ ਲੈਣ ਵੇਲੇ ਇਹ ਪ੍ਰਦਰਸ਼ਨਕਾਰੀ ਕਰਮਚਾਰੀ ਉਨ੍ਹਾਂ ਨੂੰ ਮਿਲੇ ਸਨ। ਕੁਲਦੀਪ ਕੌਰ ਵੀ ਇਨ੍ਹਾਂ 'ਚੋਂ ਇੱਕ ਸੀ, ਜਿਸਦੇ ਸਿਰ 'ਤੇ ਮੁੱਖ ਮੰਤਰੀ ਨੇ ਹੱਥ ਰੱਖਦਿਆਂ ਉਸਨੂੰ ਆਪਣੀ ਭੈਣ ਕਿਹਾ ਸੀ। ਮੁੱਖ ਮੰਤਰੀ ਵੱਲੋਂ ਇਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਨ੍ਹਾਂ ਦਾ ਕੰਮ ਹੋ ਚੁੱਕਾ ਹੈ। ਕੁਲਦੀਪ ਕੌਰ ਦਾ ਕਹਿਣਾ ਕਿ ਕੀ ਉਸ ਦਾ ਭਰਾ (ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ) ਭੈਣ ਨਾਲ ਕੀਤਾ ਵਾਅਦਾ ਭੁੱਲ ਗਿਆ ਹੈ ? ਉਸ ਨੇ ਕਿਹਾ ਕਿ ਲੋਕ ਉਸਨੂੰ 'ਚੰਨੀ ਦੀ ਭੈਣ' ਕਹਿ ਕੇ ਵਿਅੰਗ ਕਰਦੇ ਹਨ। ਉਸ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਮੀਡੀਆ ਦੇ ਸਾਹਮਣੇ ਉਸ ਦੇ ਸਿਰ 'ਤੇ ਹੱਥ ਰੱਖ ਕੇ ਭੈਣ ਆਖਿਆ ਸੀ ਅਤੇ ਭਰੋਸਾ ਦਿੱਤਾ ਸੀ ਕਿ ਉਸ ਦਾ ਕੰਮ ਹੋ ਗਿਆ ਹੈ। ਉਸ ਨੇ ਕਿਹਾ ਕਿ ਹੁਣ ਇੱਕ ਹਫ਼ਤਾ ਬੀਤ ਚੁੱਕਾ ਹੈ ਪਰ ਅਜੇ ਤਕ ਭਰਾ ਵੱਲੋਂ ਭੈਣ ਨਾਲ ਕੀਤਾ ਵਾਅਦਾ ਵਫ਼ਾ ਨਹੀਂ ਹੋਇਆ। ਉਸ ਨੇ ਦੱਸਿਆ ਕਿ ਕੈਬਨਿਟ ਮੰਤਰੀ ਰਾਜ ਕੁਮਾਰ ਵੇਰਕਾ ਨੂੰ ਵੀ ਮਿਲੇ ਸਨ, ਜਿਨ੍ਹਾਂ ਅਧੀਨ ਸਰਕਾਰੀ ਮੈਡੀਕਲ ਕਾਲਜ ਅਤੇ ਗੁਰੂ ਨਾਨਕ ਦੇਵ ਹਸਪਤਾਲ ਆਉਂਦਾ ਹੈ। ਉਨ੍ਹਾਂ ਦਾਅਵਾ ਕੀਤਾ ਸੀ ਕਿ ਫ਼ਾਰਗ ਕੀਤੇ ਕਰਮਚਾਰੀਆਂ ਦੀ ਮੰਗ ਪੂਰੀ ਹੋ ਗਈ ਹੈ, ਪਰ ਉਹ ਅਗਲੇ ਦਿਨ ਜਦੋਂ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨੂੰ ਮਿਲੇ ਤਾਂ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਨੌਕਰੀ ਨੂੰ ਬਰਕਰਾਰ ਰੱਖਣ ਸਬੰਧੀ ਕੋਈ ਆਦੇਸ਼ ਨਹੀਂ ਆਏ ਹਨ। ਉਸ ਨੇ ਮੁੱਖ ਮੰਤਰੀ ਨੂੰ ਆਖਿਆ ਕਿ ਭਾਵੇਂ ਲੋਕ ਉਸਨੂੰ ਐਲਾਨਜੀਤ ਆਖ ਰਹੇ ਹਨ ਪਰ ਉਸ ਨੂੰ ਵਿਸ਼ਵਾਸ ਹੈ ਕਿ ਉਸ ਦਾ ਭਰਾ ਐਲਾਨਜੀਤ ਸਾਬਤ ਨਹੀਂ ਹੋਵੇਗਾ। ਪ੍ਰਦਰਸ਼ਨਕਾਰੀਆਂ ਨੇ ਆਖਿਆ ਕਿ ਜੇਕਰ ਮੰਗ ਪੂਰੀ ਨਾ ਹੋਈ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਸਰਕਾਰ ਨੂੰ ਸਬਕ ਸਿਖਾਉਣਗੇ।

# ਗੁਰਦੁਆਰਾ ਸਿੰਘ ਸਭਾ ਵਿੱਚ ਖੁੱਲ੍ਹੇਗਾ ਮੋਦੀਖਾਨਾ



ਨਵੀਂ ਦਿੱਲੀ -ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜੌਰੀ ਗਾਰਡਨ ਵਿੱਚ ਦਵਾਈਆਂ ਦਾ ਮੋਦੀਖਾਨਾ ਖੁੱਲ੍ਹਣ ਜਾ ਰਿਹਾ ਹੈ, ਜਿਸ ਦਾ ਉਦਘਾਟਨ ਕਾਰ ਸੇਵਾ ਵਾਲੇ ਬਾਬਾ ਬਚਨ ਸਿੰਘ ਕਰਨਗੇ। ਇਸ ਸਬੰਧੀ ਪ੍ਰੈੱਸ ਕਾਨਫ਼ਰੰਸ ਕਰ ਕੇ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਿੰਘ ਸਭਾ ਰਾਜੌਰੀ ਗਾਰਡਨ ਦੇ ਪ੍ਰਧਾਨ ਹਰਮਨਜੀਤ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਮੋਦੀਖਾਨਾ, ਜਿਸ ਵਿੱਚ ਸੰਗਤਾਂ ਨੂੰ ਬਿਨਾਂ ਕਿਸੇ ਲਾਭ ਦੇ ਦਵਾਈਆਂ ਦਿੱਤੀਆਂ ਜਾਣਗੀਆਂ.

ਉਨ੍ਹਾਂ ਇਹ ਵੀ ਦੱਸਿਆ ਕਿ ਜਨਵਰੀ ਮਹੀਨੇ ਤੋਂ ਕੈਂਸਰ ਦੇ ਮਰੀਜ਼ਾਂ ਨੂੰ ਰੋਜਾਨਾ 10,000 ਰੁਪਏ ਦੀਆਂ ਦਵਾਈਆਂ ਬਿਨਾਂ ਕਿਸੇ ਫ਼ੀਸ ਦੇ ਦਿੱਤੀਆਂ ਜਾਣਗੀਆਂ। ਹਰਮਨਜੀਤ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਭੁੱਖਿਆਂ ਨੂੰ ਰੋਟੀ, ਬਿਮਾਰਾਂ ਦਾ ਇਲਾਜ, ਬੱਚਿਆਂ ਨੂੰ ਵਿੱਦਿਆ ਦੇਣ ਦਾ ਸੀ, ਪਰ ਅੱਜ ਸਾਡੀਆਂ ਕਮੇਟੀਆਂ ਇਨ੍ਹਾਂ ਸਭ ਨੂੰ ਨਜ਼ਰਅੰਦਾਜ਼ ਕਰ ਕੇ ਸਿਰਫ਼ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਕਰਨ ਵਿੱਚ ਲੱਗੀਆਂ ਹੋਈਆਂ ਹਨ।

ਉਨ੍ਹਾਂ ਕਿਹਾ ਕਿ ਇਸ ਕਾਰਨ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਸੰਗਤਾਂ ਨੂੰ ਬਿਨਾਂ ਕਿਸੇ ਲਾਭ ਦੇ ਦਵਾਈਆਂ ਦਿੱਤੀਆਂ ਜਾਣ। ਇਸ ਕੰਮ ਵਿੱਚ ਗੁਰਦੁਆਰਾ ਸਿੰਘ ਸਭਾ ਬਲਜਿੰਦਰ ਸਿੰਘ ਜਿੰਦੂ ਜੋ ਪਹਿਲਾਂ ਹੀ ਗੁਰੂ ਨਾਨਕ ਮੋਦੀਖਾਨਾ ਚਲਾ ਰਹੇ ਹਨ, ਦੇ ਸਹਿਯੋਗ ਨਾਲ ਇਹ ਕੰਮ ਕਰਨਗੇ। ਇਸ ਕਾਰਜ ਵਿੱਚ ਗੁਰਦੁਆਰਾ ਸਾਹਿਬ ਦੀ ਸਮੁੱਚੀ ਕਮੇਟੀ ਦੇ ਨਾਲ-ਨਾਲ ਕਮੇਟੀ ਨੂੰ ਸਮਾਜ ਸੇਵੀਆਂ ਦਾ ਵੀ ਸਹਿਯੋਗ ਮਿਲੇਗਾ। ਉਨ੍ਹਾਂਕਿਹਾ ਕਿ ਅੱਜ ਦੇ ਮਹਿੰਗੇ ਸਮੇਂ ਵਿੱਚ ਲੋਕਾਂ ਨੂੰ ਇਲਾਜ ਕਰਵਾਉਣ ਮੁਸ਼ਕਿਲ ਹੈ। ਇਸ ਲਈ ਅਸੀਂ ਗੁਰੂ ਸਾਹਿਬ ਦੇ ਮਾਰਗ 'ਤੇ ਚੱਲਦੇ ਹੋਏ ਇਹ ਉਪਰਾਲਾ ਕਰ ਰਹੇ ਹਾਂ। ਇਥੇ ਲੋਕ ਘੱਟ ਕੀਮਤ 'ਤੇ ਦਵਾਈਆਂ ਲੈ ਸਕਣਗੇ।

# ਕਿਸਾਨ ਨੇ ਕੰਗਨਾ ਰਣੌਤ ਦੇ ਪੁਤਲੇ ਨਾਲ ਕਰਵਾਇਆ ਵਿਆਹ, ਬੀਬੀਆਂ ਨੇ ਗਾਏ ਸ਼ਗਨਾਂ ਦੇ ਗੀਤ, ਪਏ ਭੰਗੜੇ



ਬਠਿੰਡਾ - ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ 'ਚ ਸਫ਼ਲਤਾ ਹਾਸਲ ਕਰ ਕੇ ਬਠਿੰਡਾ ਪੁੱਜੇ ਕਿਸਾਨਾਂ ਨੇ ਅਦਾਕਾਰਾ ਕੰਗਨਾ ਰਣੌਤ ਦੇ ਪੁਤਲੇ ਦਾ ਵਿਆਹ ਇੱਕ ਕਿਸਾਨ ਨਾਲ ਕਰਵਾਇਆ। ਪਿੰਡ ਕੋਟ ਸਮੀਰ ਦੇ ਇੱਕ ਕਿਸਾਨ ਨਾਲ ਕੰਗਨਾ ਦੇ ਪੁਤਲੇ ਦਾ ਇਹ ਵਿਆਹ ਚਰਚਾ ਦਾ ਵਿਸ਼ਾ ਬਣਿਆ ਰਿਹਾ। ਕੰਗਨਾ ਦੇ ਪੁਤਲੇ ਦਾ ਵਿਆਹ ਗਹਿਰੀ ਭਾਗੀ ਵਾਸੀ ਕਿਸਾਨ ਮਹਿੰਦਰ ਸਿੰਘ ਨਾਲ ਹੋਇਆ। ਇਸ ਦੌਰਾਨ ਕਿਸਾਨਾਂ ਨੇ ਕੰਗਨਾ ਦੇ ਪੁਤਲੇ ਨੂੰ ਦੁਲਹਨ ਦੀ ਤਰ੍ਹਾਂ ਤਿਆਰ ਕੀਤਾ ਅਤੇ ਕਿਸਾਨ ਮਹਿੰਦਰ ਸਿੰਘ ਨੂੰ ਲਾੜਾ ਬਣਾਇਆ ਗਿਆ।

ਇਸ ਦੌਰਾਨ ਕਿਸਾਨ ਬੀਬੀਆਂ ਨੇ ਸ਼ਗਨਾਂ ਦੇ ਗੀਤ ਵੀ ਗਾਏ। ਲਾੜੀ ਬਣਾ ਕੇ ਲਿਆਂਦੇ ਕੰਗਨਾ ਰਣੌਤ ਦੇ ਪੁਤਲੇ ਦਾ ਲੋਕਾਂ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਮਠਿਆਈਆਂ ਆਦਿ ਵੰਡ ਕੇ ਖ਼ੁਸ਼ੀ ਸਾਂਝੀ ਕੀਤੀ ਗਈ। ਇਸ ਅਨੋਖੇ ਵਿਆਹ 'ਚ ਕਿਸਾਨਾਂ ਅਤੇ ਮਹਿਲਾਵਾਂ ਨੇ ਵੀ ਸ਼ਮੂਲੀਅਤ ਕਰ ਕੇ ਭੰਗੜਾ ਅਤੇ ਗਿੱਧਾ ਪਾਇਆ। ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਗਹਿਰੀ ਭਾਗੀ ਦੇ ਪ੍ਰਧਾਨ ਜਗਸੀਰ ਸਿੰਘ ਨੇ ਦੱਸਿਆ ਕਿ ਅੰਦੋਲਨ ਦੌਰਾਨ ਕਿਸਾਨਾਂ ਨੇ ਕੰਗਨਾ ਨੂੰ ਫ਼ਤਿਹ ਹਾਸਿਲ ਕਰ ਕੇ ਵਿਆਹ ਕਰਵਾਉਣ ਦੀ ਚੁਣੌਤੀ ਦਿੱਤੀ ਸੀ ਜਿਸ ਨੂੰ ਪੂਰਾ ਕਰ ਦਿੱਤਾ ਗਿਆ।

ਖੇਤੀ ਕਾਨੂੰਨਾਂ ਖ਼ਿਲਾਫ਼ ਸਾਲ ਭਰ ਚੱਲੇ ਕਿਸਾਨ ਅੰਦੋਲਨ ਦੌਰਾਨ ਫ਼ਿਲਮ ਅਦਾਕਾਰਾ ਕੰਗਨਾ ਰਣੌਤ ਅਤੇ ਕਿਸਾਨਾਂ ਵਿਚਾਲੇ ਕਾਫ਼ੀ ਤਨਾਅ ਚੱਲ ਰਿਹਾ ਸੀ। ਅਭਿਨੇਤਰੀ ਕੰਗਨਾ ਕਿਸਾਨਾਂ ਨੂੰ ਅਤਿਵਾਦੀ ਕਹਿ ਕੇ ਸੰਬੋਧਨ ਕਰਦੀ ਰਹੀ ਅਤੇ ਪੰਜਾਬ ਦੇ ਕਿਸਾਨ ਅਤੇ ਲੋਕ ਉਸ ਖ਼ਿਲਾਫ਼ ਆਵਾਜ ਉਠਾਉਂਦੇ ਰਹੇ। ਕਿਸਾਨਾਂ ਦੇ ਨਾਲ-ਨਾਲ ਪੰਜਾਬੀ ਗਾਇਕਾਂ ਨੇ ਵੀ ਕੰਗਨਾ ਰਣੌਤ ਖ਼ਿਲਾਫ਼ ਕਈ ਗੀਤ ਗਾਏ।

# ਅਕਾਲੀਆਂ ਦੇ ਸਮੇਂ 'ਚ ਤਬਾਦਲਿਆਂ ਲਈ ਚਲਦਾ ਸੀ ਪੈਸਾ - ਰੰਧਾਵਾ

ਜਲੰਧਰ - ਪੰਜਾਬ ਦੇ ਉੱਪ-ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਜਿਨ੍ਹਾਂ ਦੇ ਕੋਲ ਗ੍ਰਹਿ ਵਿਭਾਗ ਵੀ ਹੈ, ਨੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਵਲੋਂ ਲਾਏ ਗਏ ਦੋਸ਼ਾਂ 'ਤੇ ਪਲਟਵਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸ਼ਾਸਨਕਾਲ 'ਚ ਐਸਐਸਪੀਆਂ ਦੇ ਤਬਾਦਲੇ ਪੈਸੇ ਲੈ ਕੇ ਨਹੀਂ ਹੁੰਦੇ ਹਨ ਜਦਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਹੇਠਾਂ ਤੋਂ ਲੈ ਕੇ ਉੱਪਰ ਤਕ ਸਾਰੇ ਤਬਾਦਲਿਆਂ 'ਚ ਪੈਸਿਆਂ ਦਾ ਬੋਲਬਾਲਾ ਹੁੰਦਾ ਸੀ।

ਸੁਖਜਿੰਦਰ ਰੰਧਾਵਾ ਨੇ ਬਿਕਰਮ ਮਜੀਠੀਆ ਨੂੰ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਪੰਜਾਬ 'ਚ ਜਿੰਨੇ ਵੀ ਪੁਲੀਸ ਅਧਿਕਾਰੀਆਂ ਦੇ ਤਬਾਦਲੇ ਹੁੰਦੇ ਹਨ, ਉਹ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਕੀਤੇ ਜਾਂਦੇ ਹਨ। ਪੁਲੀਸ ਕਮਿਸ਼ਨਰ ਅਤੇ ਐਸਐਸਪੀਆਂ ਦੇ ਤਬਾਦਲੇ ਤਾਂ ਮੁੱਖ ਮੰਤਰੀ ਵਲੋਂ ਕੀਤੇ ਜਾਂਦੇ ਹਨ। ਮੁੱਖ ਮੰਤਰੀ ਇਸ ਸਬੰਧ 'ਚ ਗ੍ਰਹਿ ਮੰਤਰੀ ਨਾਲ ਸਲਾਹ-ਮਸ਼ਵਰਾ ਕਰਦੇ ਹਨ। ਇਸ ਦੇ ਇਲਾਵਾ ਹੋਰ ਸਾਰੇ ਪੁਲੀਸ ਅਧਿਕਾਰੀਆਂ ਦੇ ਤਬਾਦਲੇ ਉਹ ਖ਼ੁਦ ਮੈਰਿਟ ਦੇ ਆਧਾਰ 'ਤੇ ਕਰ ਰਹੇ ਹਨ ਅਤੇ ਇਸ ਸਬੰਧ 'ਚ ਚੁਣੇ ਹੋਏ ਨੁਮਾਇੰਦਿਆਂ ਦੀ ਸਿਫ਼ਾਰਿਸ਼ਾਂ ਨੂੰ ਧਿਆਨ 'ਚ ਰੱਖਿਆ ਜਾ ਰਿਹਾ ਹੈ।

ਰੰਧਾਵਾ ਤੋਂ ਜਦ ਪੁੱਛਿਆ ਗਿਆ ਕਿ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਵੀ ਉਨ੍ਹਾਂ 'ਤੇ ਇੱਕ ਐਸਐਸਪੀ ਦੇ ਤਬਾਦਲੇ ਨੂੰ ਲੈ ਕੇ ਉਂਗਲੀਆਂ ਚੁੱਕੀਆਂ ਹਨ ਤਾਂ ਉੱਪ-ਮੁੱਖ ਮੰਤਰੀ ਨੇ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਵੀ ਮੈਂ ਇਹੀ ਜਵਾਬ ਦਿੱਤਾ ਸੀ ਕਿ ਐਸਐਸਪੀ ਦੇ ਤਬਾਦਲੇ ਤਾਂ ਮੁੱਖ ਮੰਤਰੀ ਵਲੋਂ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਰਾਣਾ ਗੁਜੀਤ ਸਿੰਘ ਨਾਲ ਜੁੜਿਆ ਮਾਮਲਾ ਸਾਡਾ ਅੰਦਰੂਨੀ ਮਾਮਲਾ ਹੈ। ਅਸੀਂ ਇਸ ਨੂੰ ਆਪਸ 'ਚ ਬੈਠ ਕੇ ਨਿਪਟਾ ਲਵਾਂਗੇ, ਪਰ ਅਕਾਲੀ ਨੇਤਾ ਮਜੀਠੀਆ ਵਲੋਂ ਝੂਠੇ ਦੋਸ਼ ਲਗਾਉਣ ਦੇ ਮਾਮਲੇ ਨੂੰ ਲੈ ਕੇ ਉਹ ਚੁੱਪ ਨਹੀਂ ਰਹਿ ਸਕਦੇ ਹਨ।



ਰੰਧਾਵਾ ਨੇ ਕਿਹਾ ਕਿ ਗ੍ਰਹਿ ਮੰਤਰੀ ਅਤੇ ਜੇਲ੍ਹ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੇ ਜੇਲ੍ਹਾਂ 'ਚ ਜਿੰਨੇ ਸੁਧਾਰ ਕੀਤੇ ਹਨ, ਓਨੇ ਕਿਸੇ ਨੇ ਵੀ ਨਹੀਂ ਕੀਤੇ ਹੋਣੇ। ਉਨ੍ਹਾਂ ਦੱਸਿਆ ਕਿ ਜੇਲ੍ਹਾਂ 'ਚ ਨਸ਼ਿਆਂ ਦੀ ਵਿਕਰੀ ਬੰਦ ਕਰ ਦਿੱਤੀ ਗਈ ਹੈ ਅਤੇ ਹੁਣ ਜੇਲ੍ਹਾਂ 'ਚ ਮੋਬਾਇਲ ਫ਼ੋਨ ਵੀ ਨਹੀਂ ਜਾ ਰਹੇ। ਜੇਕਰ ਕੋਈ ਵੀ ਇਸ 'ਚ ਸ਼ਾਮਿਲ ਪਾਇਆ ਜਾਂਦਾ ਹੈ ਤਾਂ ਉਸ ਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਮਜੀਠੀਆ ਚਾਹੇ ਤੂੰ ਕੁੱਝ ਵੀ ਬੋਲ ਲਵੇਂ, ਪਰ ਪੰਜਾਬ ਦੀ ਜਨਤਾ ਚੰਗੀ ਤਰ੍ਹਾਂ ਨਾਲ ਜਾਣਦੀ ਹੈ ਕਿ ਕੌਣ ਇਮਾਨਦਾਰ ਹੈ ਅਤੇ ਕੌਣ ਬੇਈਮਾਨ। ਰੰਧਾਵਾ ਨੇ ਕਿਹਾ ਕਿ ਸਾਨੂੰ ਮਜੀਠੀਆ ਤੋਂ ਸਰਟੀਫ਼ਿਕੇਟ ਲੈਣ ਦੀ ਲੋੜ ਨਹੀਂ। ਉਨ੍ਹਾਂ ਨੇ ਕਿਹਾ ਕਿ ਅਕਾਲੀ ਨੇਤਾ ਜਨਤਾ ਤੋਂ ਪੂਰੀ ਤਰ੍ਹਾਂ ਕੱਟ ਚੁਕੇ ਹਨ। ਹਾਈਕੋਰਟ 'ਚ ਡਰੱਗਜ਼ ਦੇ ਕੇਸ ਨੂੰ ਲੈ ਕੇ ਗ੍ਰਹਿ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹਾਈ ਕੋਰਟ 'ਚ ਆਪਣੇ ਵਲੋਂ ਪੂਰੀ ਪੈਰਵੀ ਕਰ ਰਹੀ ਹੈ ਅਤੇ ਡਰੱਗ ਦੇ ਮਾਮਲੇ 'ਚ ਜੋ ਵੀ ਸ਼ਾਮਿਲ ਪਾਇਆ ਗਿਆ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਬਾਰੇ 'ਚ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇਗਾ। ਜਨਤਾ ਨੂੰ ਇਨਸਾਫ਼ ਜ਼ਰੂਰ ਮਿਲੇਗਾ ਅਤੇ ਕਾਂਗਰਸ ਸਰਕਾਰ ਆਪਣੇ ਵਾਅਦੇ ਤੋਂ ਭੱਜਣ ਵਾਲੀ ਨਹੀਂ।



# 900 ਏਕੜ ਸਰਕਾਰੀ ਜ਼ਮੀਨ ਦੱਬਣ ਵਾਲੇ ਸਾਬਕਾ ਮੁੱਖ ਮੰਤਰੀਆਂ 'ਤੇ ਤੁਰੰਤ ਮੁਕੱਦਮਾ ਦਰਜ ਕਰੇ ਚੰਨੀ ਸਰਕਾਰ- ਭਗਵੰਤ ਮਾਨ

ਚੰਡੀਗੜ੍ਹ- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਵਿਧਾਇਕ ਨਵਜੋਤ ਸਿੰਘ ਸਿੱਧੂ ਵਲੋਂ ਰਾਜਧਾਨੀ (ਚੰਡੀਗੜ੍ਹ) ਨਾਲ ਲੱਗਦੇ ਜ਼ਿਲ੍ਹਾ ਐਸ.ਏ.ਐਸ ਨਗਰ (ਮੋਹਾਲੀ) ਦੇ ਇਲਾਕੇ 'ਚ 900 ਏਕੜ ਸਰਕਾਰੀ ਤੇ ਸ਼ਾਮਲਾਤੀ ਜ਼ਮੀਨਾਂ 'ਤੇ 2 ਸਾਬਕਾ ਮੁੱਖ ਮੰਤਰੀਆਂ ਦੇ ਨਾਜਾਇਜ਼ ਕਬਜ਼ੇ ਹੋਣ ਸੰਬੰਧੀ ਕੀਤੇ ਖ਼ੁਲਾਸੇ ਦਾ ਸਖ਼ਤ ਨੋਟਿਸ ਲਿਆ ਹੈ। ਭਗਵੰਤ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕੋਲੋਂ ਇਸ ਬਾਰੇ ਤੁਰੰਤ ਕਾਰਵਾਈ (ਐਕਸ਼ਨ) ਦੀ ਮੰਗ ਕਰਨ ਦੇ ਨਾਲ-ਨਾਲ ਸਵਾਲ ਕੀਤਾ ਕਿ ਸਰਕਾਰ ਦੱਸੇ ਕਿ 2 ਸਾਬਕਾ ਮੁੱਖ ਮੰਤਰੀ ਕਿਹੜੇ ਹਨ, ਜਿਨ੍ਹਾਂ ਨੇ ਸਿਰਫ਼ ਇੱਕ ਜ਼ਿਲ੍ਹੇ 'ਚ ਹੀ ਡੇਢ ਲੱਖ ਕਰੋੜ ਰੁਪਏ ਦੀ ਸਰਕਾਰੀ ਤੇ ਸ਼ਾਮਲਾਤੀ ਜ਼ਮੀਨ ਦੱਬ ਰੱਖੀ ਹੈ ? ਸਰਕਾਰ ਇਹ ਵੀ ਸਪੱਸ਼ਟ ਕਰੇ ਕਿ ਉਹ ਕਿਹੜੇ ਕਾਰਨ ਜਾਂ ਮਜਬੂਰੀਆਂ ਹਨ ਕਿ ਸਰਕਾਰ ਐਨੇ ਵੱਡੇ ਲੈਂਡ (ਜ਼ਮੀਨ) ਮਾਫ਼ੀਆ ਨੂੰ ਸਿੱਧਾ ਹੱਥ ਕਿਉਂ ਨਹੀਂ ਪਾ ਰਹੀ ? ਭਗਵੰਤ ਮਾਨ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੇ ਜਸਟਿਸ ਕੁਲਦੀਪ ਸਿੰਘ ਕਮਿਸ਼ਨ ਦੀ ਜਿਸ ਰਿਪੋਰਟ ਦੇ ਆਧਾਰ 'ਤੇ ਦੱਸਿਆ ਹੈ ਕਿ ਡੇਢ ਲੱਖ ਕਰੋੜ ਰੁਪਏ ਦੀ ਕੀਮਤ ਵਾਲੀ 900 ਏਕੜ ਜ਼ਮੀਨ ਸਿਰਫ਼ 2 ਸਾਬਕਾ ਮੁੱਖ ਮੰਤਰੀਆਂ ਦੇ ਪਰਿਵਾਰਾਂ ਨੇ ਦੱਬੀ ਹੋਈ ਹੈ, ਉਸ ਰਿਪੋਰਟ 'ਚ ਉਨ੍ਹਾਂ ਦੋਵਾਂ ਸਾਬਕਾ ਮੁੱਖ ਮੰਤਰੀਆਂ ਦੇ ਨਾਮ ਵੀ ਜ਼ਰੂਰ ਲਿਖੇ ਹੋਣਗੇ, ਫ਼ਿਰ ਇਹ ਨਾਮ ਜਨਤਕ ਕਰਨ ਤੋਂ ਕਾਂਗਰਸ ਪਾਰਟੀ ਅਤੇ ਕਾਂਗਰਸ ਸਰਕਾਰ ਕਿਉਂ ਟਲ਼ ਰਹੀ ਹੈ ? ਨਵਜੋਤ ਸਿੰਘ ਸਿੱਧੂ ਵੀ ਸਪੱਸ਼ਟ ਕਰਨ ਕਿ ਦੋ ਨਾਮ ਜਨਤਕ ਕਰਨ 'ਚ ਉਨ੍ਹਾਂ ਨੂੰ ਕਿਉਂ ਝਿਜਕ ਆ ਰਹੀ ਹੈ ?

ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਜੇਕਰ ਸਰਕਾਰਾਂ 'ਚ ਹਿੰਮਤ ਹੋਵੇ ਤਾਂ ਉਪਰੋਕਤ 2 ਸਾਬਕਾ ਮੁੱਖ ਮੰਤਰੀਆਂ ਦੇ ਨਾਜਾਇਜ਼ ਕਬਜ਼ੇ ਹਟਾ ਕੇ ਪੰਜਾਬ ਦੇ ਸਾਰੇ ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਦੀ ਮੁਕੰਮਲ ਮੁਆਫ਼ੀ ਹੋ ਸਕਦੀ ਹੈ, ਜੋ ਲੱਗਭਗ ਡੇਢ ਲੱਖ ਕਰੋੜ ਰੁਪਏ ਬਣਦੀ ਹੈ। ਮਾਨ ਨੇ ਕਿਹਾ ਕਿ ਚੰਡੀਗੜ੍ਹ ਦੇ ਆਲ਼ੇ- ਦੁਆਲ਼ੇ ਦੀਆਂ ਸਰਕਾਰੀ ਅਤੇ ਸ਼ਾਮਲਾਤੀ ਜ਼ਮੀਨਾਂ 'ਤੇ ਸਿਆਸਤਦਾਨਾਂ, ਉੱਚ- ਅਧਿਕਾਰੀਆਂ ਅਤੇ ਹੋਰ ਰਸੂਖ਼ਵਾਨਾਂ ਦੇ ਨਾਜਾਇਜ਼ ਅਤੇ ਗ਼ਲਤ-ਮਲ਼ਤ ਤਰੀਕੇ ਨਾਲ ਕੀਤੇ ਕਬਜ਼ਿਆਂ ਬਾਰੇ ਗਠਿਤ ਹੋਏ ਜਸਟਿਸ ਕੁਲਦੀਪ ਸਿੰਘ ਕਮਿਸ਼ਨ ਨੇ 2013 ਨੂੰ ਆਪਣੀ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈਕੋਰਟ ਹਵਾਲੇ ਕਰ ਦਿੱਤੀ ਸੀ, ਪ੍ਰੰਤੂ 8 ਸਾਲ ਬੀਤ ਜਾਣ ਦੇ ਬਾਵਜੂਦ ਕਾਂਗਰਸ ਅਤੇ ਅਕਾਲੀ ਭਾਜਪਾ ਸਰਕਾਰਾਂ ਨੇ ਇਸ ਰਿਪੋਰਟ ਉਪਰ ਕਾਰਵਾਈ ਕਰਨ ਦੀ ਜੁਰਅਤ ਨਹੀਂ ਦਿਖਾਈ, ਕਿਉਂਕਿ ਸੱਤਾਧਾਰੀ ਖ਼ੁਦ ਹੀ ਤਾਂ ਕਾਬਜ਼ ਹਨ।

ਭਗਵੰਤ ਮਾਨ ਨੇ ਕਿਹਾ ਕਿ ਜੇ ਨਾਮਵਰ ਸਿਆਸਤਦਾਨਾਂ ਅਤੇ ਚਰਚਿਤ ਅਧਿਕਾਰੀਆਂ ਸਮੇਤ ਵੱਡੇ ਲੋਕਾਂ ਵਲੋਂ ਇਕੱਲੇ ਐਸ.ਏ.ਐਸ ਨਗਰ (ਮੋਹਾਲੀ) ਦੀਆਂ ਸਰਕਾਰੀ ਅਤੇ ਸ਼ਾਮਲਾਤੀ ਜ਼ਮੀਨਾਂ 'ਤੇ ਕੀਤੇ ਨਾਜਾਇਜ਼ ਕਬਜ਼ਿਆਂ ਨੂੰ ਖ਼ਾਲੀ ਕਰਵਾ ਲਿਆ ਜਾਵੇ ਜਾਂ ਉਸ ਦਾ ਬਾਜ਼ਾਰੀ ਮੁੱਲ ਵਸੂਲ ਲਿਆ ਜਾਵੇ ਤਾਂ ਕਿਸਾਨਾਂ-ਮਜ਼ਦੂਰਾਂ ਅਤੇ ਸਾਰੇ ਦੁਕਾਨਦਾਰਾਂ ਸਮੇਤ ਪੰਜਾਬ ਸਰਕਾਰ ਸਿਰ ਖੜ੍ਹਾ ਸਾਢੇ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਵੀ ਉਤਾਰਿਆ ਜਾ ਸਕਦਾ ਹੈ, ਕਿਉਂਕਿ ਜਸਟਿਸ ਕੁਲਦੀਪ ਸਿੰਘ ਦੀ ਰਿਪੋਰਟ ਮੁਤਾਬਕ ਇਕੱਲੇ ਮੋਹਾਲੀ ਜ਼ਿਲ੍ਹੇ 'ਚ 25000 ਏਕੜ ਸਰਕਾਰੀ ਤੇ ਸ਼ਾਮਲਾਤੀ ਜ਼ਮੀਨ ਉੱਪਰ ਜਾਂ ਤਾਂ ਨਾਜਾਇਜ਼ ਕਬਜ਼ੇ ਹੋਏ ਹਨ ਅਤੇ ਜਾਂ ਫ਼ਿਰ ਮਾਲ ਰਿਕਾਰਡ 'ਚ ਫ਼ਰਜ਼ੀਵਾੜਾ ਕਰਕੇ ਗ਼ਲਤ ਤਰੀਕੇ ਨਾਲ ਜ਼ਮੀਨਾਂ ਆਪਣੇ ਨਾਂ ਚੜ੍ਹਾ ਲਈਆਂ ਗਈਆਂ ਹਨ। ਅਰਬਾਂ ਖਰਬਾਂ ਰੁਪਏ ਦੀਆਂ ਇਨ੍ਹਾਂ ਸੰਪਤੀਆਂ ਨੂੰ ਮੁੜ ਸਰਕਾਰੀ ਕਬਜ਼ੇ ਹੇਠ ਲਿਆਉਣ ਲਈ ਸਿਆਸੀ ਇਮਾਨਦਾਰੀ ਅਤੇ ਇੱਛਾ ਸ਼ਕਤੀ ਦਾ ਹੋਣਾ ਜ਼ਰੂਰੀ ਹੈ, ਜੋ ਨਾ ਕਾਂਗਰਸ ਕੋਲ ਹੈ ਅਤੇ ਨਾ ਹੀ ਬਾਦਲਾਂ ਅਤੇ ਭਾਜਪਾ ਕੋਲ ਸੀ।ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਵਲੋਂ ਉਠਾਇਆ ਗਿਆ ਇਹ ਮਾਮਲਾ ਖ਼ੁਦ ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨਾਲ- ਨਾਲ ਪੰਜਾਬ ਦੇ ਐਡਵੋਕੇਟ ਜਨਰਲ ਡੀ.ਐੱਸ. ਪਟਵਾਲੀਆ ਲਈ ਵੀ ਪਰਖ ਦੀ ਘੜੀ ਹੈ, ਕਿਉਂਕਿ ਡੀ.ਐੱਸ. ਪਟਵਾਲੀਆ ਜਸਟਿਸ ਕੁਲਦੀਪ ਸਿੰਘ ਦੇ ਪੁੱਤਰ ਹਨ। 'ਆਪ' ਆਗੂ ਨੇ ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੁਣੌਤੀ ਦਿੱਤੀ ਕਿ ਉਹ ਨਾਜਾਇਜ਼ ਕਬਜ਼ਾਧਾਰੀ ਦੋਵੇਂ ਸਾਬਕਾ ਮੁੱਖ ਮੰਤਰੀਆਂ ਸਮੇਤ ਬਾਕੀ ਸਭ ਦੇ ਨਾਮ ਵੀ ਜਨਤਕ ਕਰਨ ਅਤੇ ਫ਼ੈਸਲਾਕੁੰਨ ਕਾਰਵਾਈ ਦੀ ਸਮਾਂ ਸੀਮਾ ਵੀ ਸੂਬੇ ਦੇ ਲੋਕਾਂ ਨੂੰ ਦੱਸਣ। ਮਾਨ ਨੇ ਕਿਹਾ ਕਿ ਜਿੰਨਾ ਚਿਰ ਦੋਵਾਂ ਸਾਬਕਾ ਮੁੱਖ ਮੰਤਰੀਆਂ ਦੇ ਨਾਮ ਲੋਕਾਂ ਨੂੰ ਨਹੀਂ ਦੱਸੇ ਜਾਂਦੇ ਓਨਾਂ ਚਿਰ ਗੋਪੀ ਭਾਰਗਵ ਤੋਂ ਲੈ ਕੇ ਕੈਪਟਨ ਅਮਰਿੰਦਰ ਸਿੰਘ ਤਕ ਦੇ ਸਾਰੇ ਸਾਬਕਾ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰ ਵੀ ਇਨ੍ਹਾਂ ਗੰਭੀਰ ਦੋਸ਼ਾਂ ਦੇ ਘੇਰੇ 'ਚੋਂ ਮੁਕਤ ਨਹੀਂ ਹੋ ਸਕਦੇ। ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀਆਂ ਦੇ ਸਾਰੇ ਸਾਫ਼- ਸੁਥਰੇ ਪਰਿਵਾਰਾਂ ਨੂੰ ਵੀ ਇਸ ਮੁੱਦੇ 'ਤੇ ਅੱਗੇ ਆਉਣ ਦੀ ਅਪੀਲ ਕੀਤੀ ਹੈ ਤਾਂ ਕਿ ਲੋਕ ਉਨ੍ਹਾਂ ਨੂੰ ਜ਼ਮੀਨ (ਲੈਂਡ) ਮਾਫ਼ੀਆ ਵਜੋਂ ਨਾ ਦੇਖਣ। ਜ਼ਿਕਰਯੋਗ ਹੈ ਜਸਟਿਸ ਕੁਲਦੀਪ ਸਿੰਘ ਕਮਿਸ਼ਨ ਦਾ ਗਠਨ 29 ਮਈ 2012 ਨੂੰ ਹਾਈਕੋਰਟ ਦੇ ਆਦੇਸ਼ਾਂ 'ਤੇ ਹੋਇਆ ਸੀ, ਜਿਸ ਨੇ 1 ਮਾਰਚ 2013 'ਚ ਕਮਿਸ਼ਨ ਨੇ ਆਪਣੀ ਪਹਿਲੀ ਅਤੇ ਜੁਲਾਈ 2013 ਨੂੰ ਦੂਜੀ ਅਤੇ ਅੰਤਿਮ ਰਿਪੋਰਟ ਸੌਂਪ ਦਿੱਤੀ ਸੀ, ਪ੍ਰੰਤੂ ਸਰਕਾਰਾਂ ਦੇ ਪੱਧਰ 'ਤੇ ਇਸ ਰਿਪੋਰਟ ਉੱਪਰ ਅੱਜ ਤਕ ਕੋਈ ਕਾਰਵਾਈ ਨਹੀਂ ਕੀਤੀ।

# ਚੋਣ ਮੁਹਿੰਮ ਦਾ ਆ.ਗਾਜ਼ ਕਰਨ ਪੁੱਜੇ ਸਿੱਧੂ ਮੂਸੇਵਾਲਾ ਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਵਿਰੋਧ




ਮਾਨਸਾ - ਵਿਧਾਨ ਸਭਾ ਹਲਕਾ ਮਾਨਸਾ ਤੋਂ ਕਾਂਗਰਸ ਵਲੋਂ ਬਿਨਾਂ ਉਮੀਦਵਾਰ ਐਲਾਨੇ ਪ੍ਰਸਿੱਧ ਗਾਇਕ ਸ਼ੁੱਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਆਪਣੀ ਚੋਣ ਮੁਹਿੰਮ ਦਾ ਆ.ਗਾਜ਼ ਕਰਨ ਲਈ ਹਲਕੇ ਦੇ ਪਿੰਡ ਅਕਲੀਆ ਪਹੁੰਚੇ। ਜਦੋਂ ਪਿੰਡ ਵਾਸੀਆਂ ਨੂੰ ਸੰਬੋਧਨ ਕਰਨ ਲਈ ਉਹ ਸਟੇਜ 'ਤੇ ਖੜ੍ਹੇ ਹੋਏ ਤਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਲਵਪ੍ਰੀਤ ਸਿੰਘ ਅਕਲੀਆ ਦੀ ਅਗਵਾਈ 'ਚ ਪਾਰਟੀ ਵਰਕਰਾਂ ਨੇ ਉਸ ਤੋਂ ਸਵਾਲਾਂ ਦੇ ਜਵਾਬ ਮੰਗਣੇ ਸ਼ੁਰੂ ਕਰ ਦਿੱਤੇ ਅਤੇ ਮਾਮਲਾ ਗਰਮਾ ਗਿਆ।ਉਨ੍ਹਾਂ ਨੇ ਸਿੱਧੂ ਮੂਸੇਵਾਲਾ ਦਾ ਸਖ਼ਤ ਵਿਰੋਧ ਕਰਦਿਆਂ ਖ਼ੂਬ ਨਾਅਰੇਬਾਜ਼ੀ ਕੀਤੀ ਜਿਸ ਕਾਰਨ ਉਸ ਨੂੰ ਸਟੇਜ ਵਿੱਚ-ਵਿਚਾਲੇ ਛੱਡ 'ਕੇ ਵਾਪਿਸ ਭੱਜਣਾ ਪਿਆ। ਇਸ ਮੌਕੇ ਉਸ ਦੇ ਪਿੰਡ ਦੀ ਜੂਹ 'ਚ ਬਾਹਰ ਨਿਕਲਣ ਤਕ ਪਾਰਟੀ ਆਗੂਆਂ ਅਤੇ ਵਰਕਰਾਂ ਨੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਉਸ ਦਾ ਪਿੱਛਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਸ ਦੌਰਾਨ ਵਿਰੋਧ ਕਰਨ ਵਾਲਿਆਂ 'ਚ ਪੰਜ ਨੌਜਵਾਨਾਂ ਨੂੰ ਪੁਲੀਸ ਨੇ ਹਿਰਾਸਤ 'ਚ ਲੈਣ ਉਪਰੰਤ ਛੱਡ ਦਿੱਤਾ।ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਇਕਾਈ ਮਾਨਸਾ ਦੇ ਜ਼ਿਲ੍ਹਾ ਜਨਰਲ ਸਕੱਤਰ ਜਥੇਦਾਰ ਸੁਖਚੈਨ ਸਿੰਘ ਅਤਲਾ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਨੇ ਕਿਹੜਾ ਸਮਾਜ ਦੇ ਭਲੇ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਲੋਕਾਂ ਨੂੰ ਦੱਸੇ ਕਿ ਉਸ ਨੇ ਕੋਰੋਨਾ ਕਾਲ ਅਤੇ ਕਿਸਾਨੀ ਸੰਘਰਸ਼ ਲਈ ਕੀ ਕੀਤਾ ਹੈ। ਉਹ ਸਵਾਲਾਂ ਦਾ ਜਵਾਬ ਲੋਕਾਂ ਦੇ ਸਾਹਮਣੇ ਦੇਵੇ ਨਹੀਂ ਤਾਂ ਉਸ ਦਾ ਇਸੇ ਤਰ੍ਹਾਂ ਵਿਰੋਧ ਜਾਰੀ ਰਹੇਗਾ।

# 'ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ'

ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ ਇਹ ਮਾਟੋ ਭਾਰਤੀ ਨਾਰੀ ਲਈ ਅੱਜ ਦੇ ਸਾਇੰਸ ਯੁੱਗ ਵਿੱਚ ਮਹੱਤਵਪੂਰਨ ਥਾਂ ਰੱਖਦਾ ਹੈ । ਭਾਰਤੀ ਨਾਰੀ ਦਾ ਗਹਿਣਿਆਂ ਨਾਲ ਲੱਦੇ ਜਾਣਾ ਪੁਰਾਤਨ ਰਵਾਇਤਾਂ ਅਨੁਸਾਰ ਅੱਜ ਵੀ ਪੜੇ ਲਿਖੇ ਯੁੱਗ ਵਿਚ ਪ੍ਰਚੱਲਤ ਹੈ । ਕੀ ਸੁੰਦਰਤਾ ਸਿਰਫ ਗਹਿਣਿਆਂ ਨਾਲ ਸ਼ਿੰਗਾਰ ਕਰਕੇ ਹੀ ਹੁੰਦੀ ਹੈ ? ਇਹ ਪ੍ਰਸ਼ਨ ਅੱਜ ਦੀ ਨਾਰੀ ਸਾਹਮਣੇ ਵਿਚਾਰਨਯੋਗ ਹੈ । ਜਦੋਂ ਕਿ ਤੇਜ਼ ਰਫਤਾਰ ਯੁੱਗ ਵਿਚ ਬਾਹਰਲੇ ਦੇਸ਼ ਅਗਾਂਹ ਲੰਘ ਚੁੱਕੇ ਹਨ । ਗਹਿਣਿਆਂ ਦੇ ਜ਼ਿਆਦਾ ਨੁਕਸਾਨ ਹੀ ਹਨ, ਫਾਇਦੇ ਤਾਂ ਸ਼ਾਇਦ ਹੀ ਕੋਈ ਹੋਣ । ਗਹਿਣਿਆਂ ਦੇ ਸਿਲਸਿਲੇ ਵਿਚ ਪਰਿਵਾਰ ਦੀ ਆਰਥਿਕ ਦਸ਼ਾ ਕਮਜ਼ੋਰ ਹੋ ਜਾਂਦੀਹੈ । ਵਿਆਹ ਨੂੰ ਲੜਕੀ ਲਈ ਦੋਹਾਂ ਪਾਸਿਆਂ ਤੋਂ ਗਹਿਣੇ ਪਾਏ ਜਾਂਦੇ ਹਨ । ਇਸ ਤਰ੍ਹਾਂ ਪੈਸੇ ਦੀ ਬਰਬਾਦੀ ਹੁੰਦੀ ਹੈ । ਲੜਕੀ ਵਾਲੇ 'ਨੱਕ ਰੱਖਣ' ਕਰਕੇ ਆਪਣੇ ਵਿਤੋਂ ਬਾਹਰ ਹੋ ਕੇ ਗਹਿਣੇ ਬਣਵਾਉਂਦੇ ਹਨ । ਪਿੰਡਾਂ ਵਿਚ ਤਾਂ ਜ਼ਿਮੀਂਦਾਰ ਜ਼ਮੀਨਾਂ ਗਹਿਣੇ ਕਰਕੇ ਜਾਂ ਵੇਚ ਕੇ ਵਿਆਹ ਉੱਪਰ ਰੀਸੋ-ਰੀਸ ਇਕ ਦੂਜੇ ਤੋਂ ਵੱਧ ਪੈਸਾ ਖਰਚਦੇ ਹਨ ਜਿਹੜਾ ਕਿ ਜ਼ਿਆਦਾ ਗਹਿਣਿਆਂ ਉੱਪਰ ਖਰਚਿਆ ਜਾਂਦਾ ਹੈ । ਗਹਿਣੇ ਬਣਵਾ ਕੇ ਉਨ੍ਹਾਂ ਨੂੰ ਸੰਭਾਲਣ ਲਈ ਸਮੱਸਿਆ ਪੈਦਾ ਹੋ ਜਾਂਦੀ ਹੈ । ਅਗਰ ਕਿਸੇ ਕੋਲ ਜ਼ਿਆਦਾ ਕੀਮਤੀ ਗਹਿਣੇ ਹਨ ਤਾਂ ਉਸ ਨੂੰ ਰਾਤ ਨੂੰ ਚੋਰੀ ਦੇ ਡਰ ਕਾਰਨ ਨੀਂਦ ਵੀ ਨਹੀਂ ਆਉਂਦੀ । ਬਾਹਰ ਰਸਤੇ ਵਿਚ ਸਫਰ ਕਰਦੇ ਸਮੇਂ ਹਮੇਸ਼ਾ ਮਨ ਅੰਦਰ ਇਹੋ ਡਰ ਰਹੇਗਾ । ਬੱਸਾਂ, ਮੇਲਿਆਂ, ਭੀੜ-ਭੜੱਕੇ ਵਾਲੀਆਂ ਥਾਵਾਂ ਅੰਦਰ ਅਕਸਰ ਜ਼ਨਾਨੀਆਂ ਦੀਆਂ ਚੇਨੀਆਂ, ਗਲ ਦੇ ਹਾਰ, ਕੰਨਾਂ ਦੇ ਵਾਲੇ ਆਦਿ ਅੱਖ ਝਮਕਦਿਆਂ ਲਾਹੁਣ ਜਾਂ ਭੀੜ ਕਾਰਨ ਡਿੱਗਣ ਦੀਆਂ ਘਟਨਾਵਾਂ ਸਾਡੇ ਸਾਹਮਣੇ ਆਮ ਵਾਪਰਦੀਆਂ ਹਨ । ਗਹਿਣੇ ਅਕਸਰ ਭੁੱਖੇ ਮਰ ਰਹੇ ਬੰਦੇ ਨੂੰ ਚੋਰੀ ਅਤੇ ਲੁੱਟ ਲਈ ਉਕਸਾਉਂਦੇ ਹਨ ।

ਕਈ ਨਾਨੀਆਂ ਗਿਰੋਹ ਬਣਾ ਕੇ ਅਕਸਰ ਬੱਸਾਂ ਅਤੇ ਹੋਰ ਜਨਤਕ ਥਾਵਾਂ ਅੰਦਰ ਗਹਿਣੇ ਚੁਰਾਉਣ ਜਾਂ ਲਾਹੁਣ ਦੀ ਭਾਲ ਵਿਚ ਫਿਰਦੀਆਂ ਰਹਿੰਦੀਆਂ ਹਨ । ਸਾਨੂੰ ਆਪਣੇ ਅੰਦਰ ਝਾਤ ਮਾਰ ਕੇ ਵੇਖਣਾ ਚਾਹੀਦਾ ਹੈ ਕਿ ਕੀ ਅਸੀਂ ਚੋਰ ਅਤੇ ਲੁਟੇਰੇ ਬਣਾਉਣ ਵਿਚ ਜ਼ਿੰਮੇਵਾਰ ਤਾਂ ਨਹੀਂ ? ਗਹਿਣੇ ਪਾਉਣ ਨਾਲ ਕੰਮ-ਕਾਰ ਕਰਨ ਵਿਚ ਰੁਕਾਵਟ ਪੈਂਦੀ ਹੈ । ਇਕ ਸਾਦਾ ਇਸਤਰੀ ਫੈਕਟਰੀ ਵਿਚ ਜਾਂ ਕਿਤੇ ਵੀ ਹੱਥ ਨਾਲ ਕੰਮ ਕਰਨ ਸਮੇਂ ਲਾਜ਼ਮੀ ਵੱਧ ਕੰਮ ਕਰੇਗੀ । ਗਹਿਣੇ ਮਨ ਦੀ ਇਕਾਗਰਤਾ ਨੂੰ ਭੰਗ ਕਰਦੇ ਹਨ । ਗਹਿਣੇ ਛਣਕਦੇ ਰਹਿਣ ਕਾਰਨ ਦਫਤਰੀ ਕੰਮ-ਕਾਰ ਵਿਚ ਵਿਘਨ ਪੈਂਦਾ ਹੈ। ਦੂਸਰਿਆਂ ਦਾ ਧਿਆਨ ਵੀ ਖਿੱਚਿਆ ਜਾਂਦਾ ਹੈ । ਮਰਦ ਮੁਲਾਜ਼ਮਾਂ ਨੂੰ ਗਹਿਣਿਆਂ ਦੇ ਛਣਕਣ ਦੀ ਆਵਾਜ਼ ਮੱਲੋ-ਮੱਲੀ ਉਕਸਾਉਂਦੀ ਹੈ, ਜਿਸ ਨਾਲ ਕੰਮ 'ਚ ਰੁਕਾਵਟ ਪੈਦਾ ਹੁੰਦੀ ਹੈ । ਹਰ ਸਮੇਂ ਗਹਿਣੇ ਪਾਉਣ ਨਾਲ ਇਹ ਘਸਦੇ ਰਹਿੰਦੇ ਹਨ । ਕਈ ਵਾਰੀ ਟੁੱਟ ਵੀ ਜਾਂਦੇ ਹਨ । ਇਸ ਤਰ੍ਹਾਂ ਦੁਬਾਰਾ-ਦੁਬਾਰਾ ਬਣਾਉਣ ਨਾਲ ਇਹ ਸੁਨਿਆਰੇ ਜੋਗੇ ਹੀ ਰਹਿ ਜਾਂਦੇ ਹਨ । ਇਨ੍ਹਾਂ ਦੀ ਕੀਮਤ ਤੇ ਵਜ਼ਨ ਘੱਟ ਜਾਂਦਾ ਹੈ । ਅੱਜ-ਕੱਲ੍ਹ ਸੋਨੇ ਦੇ ਗਹਿਣਿਆਂ ਦੀ ਨਕਲ ਵੀ ਚੱਲ ਪਈ ਹੈ । ਨਕਲੀ ਅਤੇ ਅਸਲੀ ਦਾ ਪਤਾ ਨਹੀਂ ਲਗਦਾ ਤੇ ਕਈ ਵਾਰੀ ਹੇਰਾ-ਫੇਰੀ ਵੀ ਹੋ ਜਾਂਦੀ ਹੈ । ਗਹਿਣਿਆਂ 'ਤੇ ਹਰ ਕੋਈ ਅੱਖ ਰੱਖਦਾ ਹੈ। ਅਖਬਾਰਾਂ ਵਿਚ ਅਕਸਰ ਨਾਨੀਆਂ ਤੋਂ ਪਾਂਡੇ, ਜੋਤਸ਼ੀ ਅਤੇ ਸਿਆਣਿਆਂ ਵੱਲੋਂ ਗਹਿਣੇ ਲੁੱਟ ਕੇ ਫਰਾਰ ਹੋਣ ਦੀਆਂ ਖਬਰਾਂ ਪੜ੍ਹਦੇ ਹਾਂ । ਭੋਲੀਆਂ ਜ਼ਨਾਨੀਆਂ ਗੱਲਾਂ ਵਿਚ ਆ ਕੇ ਸਾਰੇ ਗਹਿਣੇ ਉਤਾਰ ਕੇ ਜਾਂ ਅੰਦਰੋਂ ਕੱਢ ਕੇ ਬਾਬੇ ਨੂੰ ਦੇ ਦਿੰਦੀਆਂ ਹਨ। ਬਾਬਾ ਦੁੱਗਣਾ ਕਰਨ ਦਾ ਲਾਲਚ ਦੇ ਕੇ ਰਫੂ-ਚੱਕਰ ਹੋ ਜਾਂਦਾ ਹੈ । ਬਾਅਦ ਵਿਚ ਇਹੋ ਜਿਹਿਆਂ ਜ਼ਨਾਨੀਆਂ ਫਿਕਰ ਵਿਚ ਮਾਨਸਿਕ ਰੋਗਾਂ ਦੀ ਜਕੜ ਵਿਚ ਆ ਜਾਂਦੀਆਂ ਹਨ। ਬੱਚਿਆਂ ਅੰਦਰ ਗਹਿਣਿਆਂ ਦਾ ਸ਼ੌਂਕ ਵੱਡਿਆਂ ਨੂੰ ਦੇਖ ਕੇ ਕੁਦਰਤੀ ਹੋ ਜਾਂਦਾ ਹੈ । ਕਈ ਮਾਪੇ ਸਕੂਲੀ ਬੱਚਿਆਂ ਨੂੰ ਲਾਡ-ਲਾਡ ਵਿਚ ਗਹਿਣੇ ਪਾਉਣ ਦੀ ਆਦਤ ਪਾ ਦਿੰਦੇ ਹਨ । ਇਹ ਬੱਚੇ ਪਹਿਲਾਂ ਤਾਂ ਫੈਸ਼ਨ ਮੁਤਾਬਿਕ ਡੁਪਲੀਕੇਟ ਗਹਿਣੇ ਪਾਉਂਦੇ ਹਨ ਪਰ ਬਾਅਦ ਵਿਚ ਅਸਲੀ ਗਹਿਣੇ ਮੰਗਣ ਲੱਗ ਪੈਂਦੇ ਹਨ । ਇਹੋ ਜਿਹੇ ਰੁਝਾਨ ਕਾਰਨ ਪੜ੍ਹਾਈ ਵੱਲੋਂ ਉਨ੍ਹਾਂ ਬੱਚਿਆਂ ਦਾ ਧਿਆਨ ਹੋਰ ਪਾਸੇ ਚਲਾ ਜਾਂਦਾ ਹੈ । ਅਗਰ ਸਕੂਲ ਅਧਿਆਪਕਾਂ ਦੇ ਗਹਿਣੇ ਪਾਏ ਹੋਣਗੇ, ਸੁਭਾਵਿਕ ਹੀ ਬੱਚੇ ਉੱਪਰ ਇਸ ਦਾ ਪ੍ਰਭਾਵ ਪਵੇਗਾ । ਬੱਚਿਆਂ ਦਾ ਧਿਆਨ ਵੀ ਪੜ੍ਹਾਈ ਵਿਚ ਨਹੀਂ ਲੱਗੇਗਾ ।

ਸਾਦਗੀ ਗਹਿਣਿਆਂ ਨਾਲੋਂ ਕਿਤੇ ਵੱਧ ਪ੍ਰਭਾਵਿਤ ਕਰਦੀ ਹੈ ਬਸ਼ਰਤੇ ਕਿ ਔਰਤ ਬਾਕੀ ਗੁਣਾਂ ਨਾਲ ਮਾਲੋ-ਮਾਲ ਹੋਵੇ । ਤਿੱਖੇ ਨੈਣ-ਨਕਸ਼, ਗੋਰਾ ਰੰਗ, ਸੁਹੱਪਣਤਾ ਦਾ ਜ਼ਰੂਰ ਪ੍ਰਤੀਕ ਹਨ ਪਰ ਸ਼ਖਸੀਅਤ ਦਾ ਪ੍ਰਭਾਵ ਅੰਦਰਲੇ ਗੁਣਾਂ ਕਰਕੇ ਹੀ ਪੈਂਦਾ ਹੇ । ਨੈਣ-ਨਕਸ਼ ਤੇ ਰੰਗ-ਰੂਪ ਜੋ ਕੁਦਰਤ ਨੇ ਦਿੱਤੇ ਹਨ ਉਨ੍ਹਾਂ ਨੂੰ ਹੀ ਸਵੀਕਾਰ ਕਰਨਾ ਚਾਹੀਦਾ ਹੈ ਨਾ ਕਿ ਬਿਊਟੀ ਪਾਰਲਰਾਂ ਵਿਚ ਜਾ ਕੇ ਉਨ੍ਹਾਂ ਵਿਚ ਤਬਦੀਲੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਇਸ ਤਰ੍ਹਾਂ ਕਰਨ ਨਾਲ ਬਾਅਦ ਵਿਚ ਸਮਾਂ ਬੀਤਣ ਨਾਲ ਚਿਹਰੇ ਦੀ ਚਮੜੀ ਹੋਰ ਵੀ ਖਰਾਬ ਹੋ ਜਾਂਦੀ ਹੈ। ਇਹੋ ਜਿਹੀਆਂ ਆਦਤਾਂ ਪਾਉਣਾ ਜ਼ਿੰਦਗੀ ਨੂੰ ਨੀਰਸ ਬਣਾਉਣ ਤੋਂ ਸਿਵਾਏ ਕੁਝ ਪੱਲੇ ਨਹੀਂ ਪਾਉਂਦੀਆਂ । ਸਾਦਗੀ ਵਿਚ ਰਹਿ ਰਹੀਆਂ ਔਰਤਾਂ ਮਾਨਸਿਕ ਸ਼ਾਂਤੀ ਦਾ ਆਨੰਦਮਈ ਜੀਵਨ ਬਤੀਤ ਕਰਦੀਆਂ ਹਨ । ਪਹਿਰਾਵਾ, ਗੱਲਬਾਤ ਦਾ ਢੰਗ, ਸੁਭਾਅ ਅਤੇ ਕਿੱਤਾ ਆਦਿ ਸ਼ਖਸੀਅਤ ਨੂੰ ਚੰਗਾ ਬਣਾਉਣ ਲਈ ਸਹਾਈ ਹੁੰਦੇ ਹਨ ਨਾ ਕਿ ਗਹਿਣੇ ।



Insurance




Are you paying too much for Auto, Home, Business, Workman Compensation, Contractors, General Liability, E&O ?
Call us today for complimentary analysis of your policy.



Sharanjit Singh Thind
Licensed P&C Insurance Broker/ Notary Public
(Service with Honesty & Smile, Since 2012)

Tel: 516-654-4488
insure@nlightfin.com www.nlightfin.com

Solid like a Rock
Looking to Buy/Sell ?
We know the difference between Home & House
Honesty, Integrity & Experience



Specializing in Investment & Income Producing Real Estate
Nlight Real Estate
Tel:516 NLIGHT4






Sharanjit Singh Thind
Real Estate Broker/Notary Public

180 Broadway, PH 3A, Hicksville NY 11801
Email: homes@nlightrealestate.com
www.nlightrealestate.com

# ਮਨੁੱਖੀ ਹੱਕ ਅਤੇ ਸਿਵਲ ਸੁਸਾਇਟੀ ਵਿਰੁੱਧ ਹਕੂਮਤੀ ਜੰਗ

5 ਦਸੰਬਰ ਨੂੰ ਭਾਰਤੀ ਫੌਜ ਨੇ ਨਾਗਾਲੈਂਡ ਵਿਚ 13 ਆਮ ਨਾਗਰਿਕਾਂ ਦੀ ਜਾਨ ਲੈ ਲਈ। ਇਨ੍ਹਾਂ ਵਿੱਚੋਂ ਛੇ ਆਪਣੇ ਕੰਮ ਤੋਂ ਘਰਾਂ ਨੂੰ ਵਾਪਸ ਆ ਰਹੇ ਕੋਲਾ ਖਾਣ ਮਜ਼ਦੂਰ ਸਨ ਅਤੇ ਗੋਲੀਬਾਰੀ 'ਚ ਮਾਰੇ ਗਏ 7 ਹੋਰ ਜਣੇ ਇਸ ਕਤਲੇਆਮ ਦਾ ਵਿਰੋਧ ਕਰਨ ਵਾਲੇ ਪ੍ਰਦਰਸ਼ਨਕਾਰੀ ਸਨ ਜੋ ਫੌਜ ਨੇ ਭੀੜ ਨੂੰ ਖਿੰਡਾਉਣ ਦੇ ਬਹਾਨੇ ਜਾਣ-ਬੁੱਝ ਕੇ ਮਾਰ ਦਿੱਤੇ। ਇਸ ਨਾਲ ਰਾਜਕੀ ਦਹਿਸ਼ਤਵਾਦੀ ਕਾਂਡਾਂ ਦੀ ਸੂਚੀ 'ਚ ਇਕ ਨਾਮ ਹੋਰ ਜੁੜ ਗਿਆ। ਅਜੇ ਥੋੜ੍ਹੇ ਦਿਨ ਪਹਿਲਾਂ ਹੀ ਕਸ਼ਮੀਰ ਅਤੇ ਛੱਤੀਸਗੜ੍ਹ ਵਿਚ ਮੁਕਾਬਲਿਆਂ ਦੇ ਨਾਂ ਹੇਠ ਕੀਤੇ ਗਏ ਘਿਣਾਉਣੇ ਕਤਲ ਮੀਡੀਆ ਦੀਆਂ ਸੁਰਖ਼ੀਆਂ ਬਣੇ ਸਨ। ਜੇ ਕੋਈ ਮਨੁੱਖੀ ਹੱਕਾਂ ਦੇ ਘਾਣ ਦੀ ਆਲੋਚਨਾ ਕਰਦਾ ਹੈ ਤਾਂ ਨਰਿੰਦਰ ਮੋਦੀ ਅਨੁਸਾਰ ਇਸ ਨਾਲ ਮੁਲਕ ਦਾ ਅਕਸ ਵਿਗੜਣ ਦਾ ਖ਼ਤਰਾ ਹੈ। ਇਹ ਫਿਕਰਮੰਦੀ ਇਕੱਲੇ 'ਪ੍ਰਧਾਨ ਸੇਵਕ' ਦੀ ਨਹੀਂ ਹੈ, ਰਾਜ ਮਸ਼ੀਨਰੀ ਦੇ ਵੱਖ-ਵੱਖ ਪੁਰਜੇ ਇਹੀ ਬਿਰਤਾਂਤ ਸਿਰਜਣ ਲਈ ਪੂਰਾ ਤਾਣ ਲਗਾ ਰਹੇ ਹਨ। ਇਸ ਵਾਰ ਆਪਣੀ ਸਾਲਾਨਾ ਬਹਿਸ ਲਈ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਜੋ ਵਿਸ਼ਾ ਚੁਣਿਆ ਗਿਆ ਉਹ ਇਸ ਤਰ੍ਹਾਂ ਸੀ : ਕੀ ਮਨੁੱਖੀ ਹੱਕ ਦਹਿਸ਼ਤਵਾਦ ਅਤੇ ਨਕਸਲਵਾਦ ਵਿਰੁੱਧ ਲੜਾਈ 'ਚ ਅੜਿੱਕਾ ਬਣਦੇ ਹਨ ? ਇਹ ਆਰ.ਐਸ.ਐਸ.-ਬੀ.ਜੇ.ਪੀ. ਹਕੂਮਤ ਵੱਲੋਂ ਆਪਣੇ ਹੀ ਮੁਲਕ ਦੇ ਲੋਕਾਂ ਵਿਰੁੱਧ ਲੜੀ ਜਾ ਰਹੀ ਮਨੋਵਿਗਿਆਨਕ ਜੰਗ ਦੀ ਕੜੀ ਹੈ ਜਿਸ ਦਾ ਮਨੋਰਥ ਜਨਤਕ ਖ਼ੌਫ ਅਤੇ ਸਹਿਮ ਦਾ ਮਾਹੌਲ ਪੈਦਾ ਕਰਨਾ ਹੈ। ਇਸੇ ਦੀ ਕੜੀ ਪਿਛਲੇ ਦਿਨੀਂ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਭਾਸ਼ਣ ਸੀ ਜਿਸ ਵਿਚ ਉਸ ਨੇ ਸਿਵਲ ਸੁਸਾਇਟੀ ਨੂੰ 'ਲੜਾਈ ਦਾ ਨਵਾਂ ਮੋਰਚਾ' ਕਰਾਰ ਦਿੱਤਾ। ਮਿਸਟਰ ਡੋਵਾਲ ਸਰਦਾਰ ਵਲਭ ਭਾਈ ਪਟੇਲ ਅਕਾਦਮੀ ਹੈਦਰਾਬਾਦ ਵਿਖੇ ਉਨ੍ਹਾਂ 132 ਆਈ.ਪੀ.ਐਸ. ਅਧਿਕਾਰੀਆਂ ਦੀ ਪਾਸਿੰਗ ਆਊਟ ਪਰੇਡ ਨੂੰ ਸੰਬੋਧਨ ਕਰ ਰਿਹਾ ਸੀ ਜਿਨ੍ਹਾਂ ਦੇ 73ਵੇਂ ਬੈਚ ਨੇ ਹਾਲ ਹੀ ਵਿਚ ਸਿਖਲਾਈ ਮੁਕੰਮਲ ਕੀਤੀ ਹੈ। ਇਹ ਉਨ੍ਹਾਂ ਉੱਚ ਪੁਲਿਸ ਅਧਿਕਾਰੀਆਂ ਦੀ ਸੋਚ ਨੂੰ ਨਾਗਰਿਕ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਵਿਰੁੱਧ ਨਫਰਤ ਨਾਲ ਡੰਗਣ ਦਾ ਯਤਨ ਸੀ ਜਿਨ੍ਹਾਂ ਨੂੰ ਕਾਨੂੰਨ ਵਿਵਸਥਾ ਦੀ ਡਿਊਟੀ ਸੰਭਾਲਣ ਲਈ ਤਿਆਰ ਕੀਤਾ ਗਿਆ ਹੈ। ਮਿਸਟਰ ਡੋਵਾਲ ਅਨੁਸਾਰ ਹੁਣ ਪੁਲਿਸ ਅਧਿਕਾਰੀਆਂ ਨੂੰ ਰਾਸ਼ਟਰ ਦੀ ਰਾਖੀ ਲਈ ਨਾਗਰਿਕ ਹੱਕਾਂ ਦੀ ਆਵਾਜ਼ ਉਠਾਉਣ ਵਾਲੇ ਜਾਗਰੂਕ ਹਿੱਸੇ ਵਿਰੁੱਧ ਜੰਗ ਲੜਨ ਲਈ ਤਿਆਰ ਹੋਣਾ ਚਾਹੀਦਾ ਹੈ ਕਿਉਂਕਿ ਮਨੁੱਖੀ ਹੱਕਾਂ ਦੀ ਗੱਲ ਕਰਨ ਵਾਲੇ ਮੁਲਕ ਦੀਆਂ ਦੁਸ਼ਮਣ ਤਾਕਤਾਂ ਦੇ ਹੱਥਾਂ 'ਚ ਖੇਡ ਸਕਦੇ ਹਨ। ਮਿਸਟਰ ਡੋਵਾਲ ਦੇ ਭਾਸ਼ਣ ਤੋਂ 10 ਦਿਨ ਬਾਦ ਕੌਮੀ ਜਾਂਚ ਏਜੰਸੀ ਵੱਲੋਂ ਖ਼ੁਰਮ ਪਰਵੇਜ਼ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਪਣੇ ਹੀ ਨਾਗਰਿਕਾਂ ਵਿਰੁੱਧ ਜੰਗ ਵਿੱਢਣ ਵਾਲੀ ਹਕੂਮਤ ਦੀ ਜਾਂਚ ਏਜੰਸੀ ਨੇ ਖ਼ੁਰਮ ਉੱਪਰ 'ਸਰਕਾਰ ਵਿਰੁੱਧ ਜੰਗ ਛੇੜਨ' ਸਮੇਤ ਅੱਠ ਸੰਗੀਨ ਇਲਜ਼ਾਮ ਲਗਾਏ ਹਨ। ਉੱਘਾ ਕਾਰਕੁਨ ਖ਼ੁਰਮ ਪਰਵੇਜ਼ ਮਨੁੱਖੀ ਹੱਕਾਂ ਦੀ ਰਾਖੀ ਲਈ ਸਰਗਰਮ ਘੁਲਾਟੀਆ ਹੈ। 2004 'ਚ ਜਦੋਂ ਉਸ ਦੀ ਟੀਮ ਕਸ਼ਮੀਰ ਵਿਚ ਸੰਸਦ ਚੋਣਾਂ ਦੀ ਨਿਗਰਾਨੀ ਕਰ ਰਹੀ ਸੀ ਤਾਂ ਇਕ ਕਾਰ ਵਿਚ ਸਫਰ ਕਰਦਿਆਂ ਬਾਰੂਦੀ ਸੁਰੰਗ ਦੀ ਲਪੇਟ ਵਿਚ ਆਉਣ ਨਾਲ ਉਸ ਦੀ ਇਕ ਲੱਤ ਕੱਟਣੀ ਪਈ ਸੀ। ਉਸ ਦੇ ਦੋ ਸਾਥੀ ਵਿਸਫੋਟ ਵਿਚ ਮਾਰੇ ਗਏ ਸਨ। ਇਸ ਤੋਂ ਬਾਦ ਉਸ ਦੀ ਅਗਵਾਈ ਹੇਠ ਜੇ.ਕੇ.ਸੀ.ਸੀ.ਐਸ. (ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ) ਵੱਲੋਂ ਬਾਰੂਦੀ ਸੁਰੰਗਾਂ ਦੀ ਵਰਤੋਂ ਵਿਰੁੱਧ ਮੁਹਿੰਮ ਚਲਾਈ ਗਈ। ਉਨ੍ਹਾਂ ਨੇ ਹੋਰ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਨਾਲ ਮਿਲ ਕੇ ਹੋਰ ਮੁਲਕਾਂ 'ਚ ਸਰਕਾਰੀ ਅਤੇ ਗ਼ੈਰਸਰਕਾਰੀ ਤਾਕਤਾਂ ਵੱਲੋਂ ਬਾਰੂਦੀ ਸੁਰੰਗਾਂ ਦੀ ਵਰਤੋਂ ਦਾ ਅਧਿਐਨ ਕੀਤਾ ਅਤੇ ਬੇਕਸੂਰ ਲੋਕਾਂ ਦੀਆਂ ਜਾਨਾਂ ਦਾ ਖ਼ੌਅ ਇਸ ਜੰਗੀ ਹਥਿਆਰ ਵਿਰੁੱਧ ਲੋਕ ਰਾਇ ਖੜ੍ਹੀ ਕੀਤੀ। ਮੁਹਿੰਮ ਐਨੀ ਪ੍ਰਭਾਵਸ਼ਾਲੀ ਸੀ ਕਿ ਕਸ਼ਮੀਰ ਵਿਚ ਸਰਗਰਮ ਹਥਿਆਰਬੰਦ ਗਰੁੱਪਾਂ ਨੂੰ ਬਾਰੂਦੀ ਸੁਰੰਗਾਂ ਦੀ ਵਰਤੋਂ ਨਾ ਕਰਨ ਦੇ ਲਿਖਤੀ ਬਿਆਨ ਦੇਣੇ ਪਏ ਸਨ। ਇਸ ਦੀ ਮਿਸਾਲ ਕਸ਼ਮੀਰ ਵਿਚ ਸਰਗਰਮ ਹਥਿਆਰਬੰਦ ਗਰੁੱਪਾਂ ਦੇ ਗੱਠਜੋੜ ਯੂਨਾਈਟਿਡ ਜਹਾਦ ਕੌਂਸਲ ਦਾ ਅਕਤੂਬਰ 2007 ਦਾ ਬਿਆਨ ਸੀ ਜਿਸ ਵਿਚ ਉਨ੍ਹਾਂ ਨੇ ਔਟਵਾ ਕਨਵੈਨਸ਼ਨ ਤਹਿਤ ਬਾਰੂਦੀ ਸੁਰੰਗਾਂ ਦੀ ਵਰਤੋਂ ਵਿਰੁੱਧ ਐਲਾਨਨਾਮੇ 'ਤੇ ਦਸਤਖ਼ਤ ਕੀਤੇ। ਖ਼ੁਰਮ ਮਨੁੱਖੀ ਹੱਕਾਂ ਦੇ ਖੇਤਰ 'ਚ ਸਰਗਰਮ ਅਣਥੱਕ ਕਾਰਕੁਨ ਹੈ। ਉਸ ਦੇ ਯਤਨਾਂ ਨਾਲ ਦੱਖਣੀ ਏਸ਼ੀਆ 'ਚ ਲਾਪਤਾ ਵਿਅਕਤੀਆਂ ਦੀ ਪੈਰਵਾਈ ਲਈ ਸਰਗਰਮ ਸੰਸਥਾਵਾਂ ਦਾ ਤਾਲਮੇਲ ਸਥਾਪਿਤ ਹੋਇਆ। ਏਸ਼ੀਅਨ ਫੈੱਡਰੇਸ਼ਨ ਅਗੇਂਸਟ ਇਨਵੌਲੰਟਰੀ ਡਿਸਅਪੀਰੈਂਸਿਜ਼ ਦੇ ਚੇਅਰਮੈਨ ਵਜੋਂ ਉਸ ਨੇ ਕਸ਼ਮੀਰ, ਫਿਲੀਪੀਨਜ਼, ਇੰਡੋਨੇਸ਼ੀਆ, ਬੰਗਲਾਦੇਸ਼, ਸ੍ਰੀਲੰਕਾ ਅਤੇ ਪਾਕਿਸਤਾਨ ਵਿਚ ਲਾਪਤਾ ਲੋਕਾਂ ਲਈ ਆਵਾਜ਼ ਉਠਾਈ। ਉਸ ਦੇ ਕੰਮ ਦੀ ਕਦਰ ਕਰਦਿਆਂ 2006 'ਚ ਉਸ ਨੂੰ ਰੇਬੌਕ ਹਿਊਮਨ ਰਾਈਟਸ ਅਵਾਰਡ ਨਾਲ ਅਤੇ ਇਸੇ ਤਰ੍ਹਾਂ 2016 'ਚ ਇਕ ਹੋਰ ਅਵਾਰਡ ਨਾਲ ਸਨਮਾਨਿਆ ਗਿਆ। ਕੁਲੀਸ਼ਨ ਨੇ ਸਿਰਫ ਰਾਜਕੀ ਦਹਿਸ਼ਤਵਾਦ ਬਾਰੇ ਹੀ ਰਿਪੋਰਟਾਂ ਨਹੀਂ ਛਾਪੀਆਂ, ਇਹ ਕਥਿਤ ਖਾੜਕੂ ਗਰੁੱਪਾਂ ਵੱਲੋਂ ਕਸ਼ਮੀਰੀ ਪੰਡਤਾਂ ਦੇ ਕਤਲਾਂ ਦੀ ਆਜ਼ਾਦਾਨਾ ਜਾਂਚ ਕਰਾਏ ਜਾਣ ਦੀ ਵੀ ਲਗਾਤਾਰ ਮੰਗ ਕਰਦੀ ਆ ਰਹੀ ਹੈ। 2011 ਅਤੇ 2015 ਦਰਮਿਆਨ ਕੁਲੀਸ਼ਨ ਨੇ ਕਸ਼ਮੀਰੀ ਮੁਸਲਮਾਨਾਂ ਅਤੇ ਕਸ਼ਮੀਰੀ ਪੰਡਤਾਂ ਦਰਮਿਆਨ ਘੱਟੋਘੱਟ ਛੇ ਸੰਵਾਦ ਵੀ ਆਯੋਜਤ ਕੀਤੇ। ਨਾਲ ਹੀ ਭਾਰਤ ਪੱਖੀ ਅਤੇ ਕਸ਼ਮੀਰ ਦੀ ਆਜ਼ਾਦੀ ਪੱਖੀ ਕਸ਼ਮੀਰੀ ਆਗੂਆਂ ਨੂੰ ਜੰਮੂ ਕਸ਼ਮੀਰ ਦੇ ਭਵਿੱਖ ਬਾਰੇ ਨਜ਼ਰੀਆ ਸਾਂਝਾ ਕਰ ਲਈ ਇਕ ਮੰਚ 'ਤੇ ਵੀ ਲਿਆਂਦਾ। ਖ਼ੁਰਮ ਦੀ ਅਗਵਾਈ ਹੇਠ ਜੰਮੂ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਘਾਣ ਵਿਰੁੱਧ ਬਹੁਤ ਹੀ ਮਹੱਤਵਪੂਰਨ ਤੱਥ ਖੋਜ ਰਿਪੋਰਟਾਂ ਤਿਆਰ ਕੀਤੀਆਂ ਗਈਆਂ। 2007 'ਚ ਕੁਲੀਸ਼ਨ ਨੇ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ 1989 ਅਤੇ 2006 ਦਰਮਿਆਨ ਮਾਰੇ ਲੋਕਾਂ ਬਾਰੇ ਵਿਸਤਾਰਤ ਰਿਪੋਰਟ ਤਿਆਰ ਕੀਤੀ। ਇਕ ਹੋਰ ਵਿਸਤਾਰੀ ਰਿਪੋਰਟ ਛਾਪੀ ਗਈ। ਲਾਪਤਾ ਕੀਤੇ ਵਿਅਕਤੀਆਂ ਦੇ ਮਾਪਿਆਂ ਨੂੰ ਸ਼ਾਮਿਲ ਕਰਕੇ (ਏ.ਪੀ.ਡੀ.ਪੀ.) ਬਣਾਈ ਗਈ, ਜੋ ਮੂਲ ਰੂਪ 'ਚ ਜੰਮੂ ਕਸ਼ਮੀਰ ਕੁਲੀਸ਼ਨ ਆਫ ਸਿਵਲ ਸੁਸਾਇਟੀ ਦੀ ਪਹਿਲਕਦਮੀਂ ਸੀ। ਕੁਲੀਸ਼ਨ ਵੱਲੋਂ ਲਾਪਤਾ ਵਿਅਕਤੀਆਂ ਬਾਰੇ ਰਿਪੋਰਟ ਤਿਆਰ ਕੀਤੀ ਗਈ ਅਤੇ ਉਨ੍ਹਾਂ ਦੇ ਮਾਮਲੇ ਉਠਾ ਕੇ ਜ਼ੋਰਦਾਰ ਸਰਗਰਮੀ ਕੀਤੀ ਗਈ। 1990ਵਿਆਂ 'ਚ ਜਦੋਂ ਜੰਮੂ ਕਸ਼ਮੀਰ ਵਿਚ ਹਥਿਆਰਬੰਦ ਲੜਾਈ ਸਿਖ਼ਰਾਂ 'ਤੇ ਸੀ, ਉਸ ਦੌਰਾਨ ਅੰਦਾਜ਼ਨ 8000 ਲੋਕ ਲਾਪਤਾ ਹੋਏ ਜੋ ਆਪਣੇ ਘਰਾਂ ਤੋਂ ਗਏ ਮੁੜ ਕਦੇ ਨਹੀਂ ਪਰਤੇ। ਫੌਜ ਅਤੇ ਨੀਮਫੌਜੀ ਦਸਤਿਆਂ ਨੇ ਪੁੱਛਗਿੱਛ ਲਈ ਉਨ੍ਹਾਂ ਨੂੰ ਚੁੱਕ ਲਿਆ ਅਤੇ ਤਸੀਹੇ ਦੇਣ ਤੋਂ ਬਾਅਦ ਮਾਰ ਕੇ ਖ਼ਪਾ ਦਿੱਤੇ ਗਏ। ਐਨ ਉਵੇਂ, ਜਿਵੇਂ ਪੰਜਾਬ ਵਿਚ ਖ਼ਾਲਸਤਾਨੀ ਲਹਿਰ ਸਮੇਂ ਨੌਜਵਾਨਾਂ ਨੂੰ ਖ਼ਪਾਇਆ ਗਿਆ ਸੀ। ਸਰਕਾਰ ਇਸ ਦਾ ਘੜਿਆ-ਘੜਾਇਆ ਜਵਾਬ ਦਿੰਦੀ ਰਹੀ ਕਿ ਉਹ ਖਾੜਕੂਆਂ 'ਚ ਰਲ ਗਏ ਹੋਣਗੇ ਜਾਂ ਸਰਹੱਦ ਪਾਰ ਕਰਕੇ ਪਾਕਿਸਤਾਨ ਚਲੇ ਗਏ ਹੋਣਗੇ। ਕਸ਼ਮੀਰ ਦੇ ਲੋਕ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਉਨ੍ਹਾਂ ਅਣਪਛਾਤੀਆਂ ਅਤੇ ਬੇਨਾਮ ਕਬਰਾਂ ਨੂੰ ਲੈ ਕੇ ਸਵਾਲ ਉਠਾਉਂਦੇ ਸਨ ਜਿਨ੍ਹਾਂ ਬਾਰੇ ਸਰਕਾਰ ਅਤੇ ਪ੍ਰਸ਼ਾਸਨ ਖ਼ਾਮੋਸ਼ ਸੀ। ਜੇ.ਕੇ.ਸੀ.ਸੀ.ਐਸ. ਨੇ 2008 ਅਤੇ 2009 'ਚ ਉੱਤਰੀ ਕਸ਼ਮੀਰ ਦੇ ਤਿੰਨ ਜ਼ਿਲ੍ਹਿਆਂ 'ਚ ਮੌਜੂਦ ਸੈਂਕੜੇ ਅਣਪਛਾਤੀਆਂ ਕਬਰਾਂ ਦੀਆਂ ਰਿਪੋਰਟਾਂ ਛਾਪੀਆਂ। ਰਿਪੋਰਟਾਂ ਦਾ ਕਹਿਣਾ ਹੈ ਕਿ ਇਹ ਕਬਰਾਂ ਝੂਠੇ ਮੁਕਾਬਲਿਆਂ ਅਤੇ ਹੋਰ ਰੂਪਾਂ 'ਚ ਗ਼ੈਰ ਅਦਾਲਤੀ ਕਤਲਾਂ ਅਤੇ ਅਗਵਾ ਕਰ ਕੇ ਸਰਸਰੀ ਤੌਰ 'ਤੇ ਮਾਰ ਦਿੱਤੇ ਗਏ ਕਸ਼ਮੀਰੀਆਂ ਦੀਆਂ ਹਨ। ਦਰਜਨਾਂ ਬੇਨਾਮ ਅਤੇ ਅਣਪਛਾਤੀਆਂ ਕਬਰਾਂ ਸੁੰਨ ਕਰ ਦੇਣ ਵਾਲਾ ਮੁੱਦਾ ਸੀ, ਜਿਨ੍ਹਾਂ ਨੂੰ ਲੈ ਕੇ ਹਾਹਾਕਾਰ ਮੱਚਣ 'ਤੇ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਟੀਮ ਬਣਾ ਕੇ ਜਾਂਚ ਕਰਨੀ ਪਈ ਸੀ। 11 ਮੈਂਬਰੀ ਕਮੇਟੀ ਨੇ 2011 'ਚ ਆਪਣੀ ਰਿਪੋਰਟ 'ਚ ਮੰਨਿਆ ਕਿ ਉੱਤਰੀ ਕਸ਼ਮੀਰ ਦੀਆਂ 38 ਅਣਪਛਾਤੀਆਂ ਕਬਰਾਂ 'ਚ ਮਿਲੀਆਂ ਘੱਟੋਘੱਟ 2156 ਲਾਸ਼ਾਂ ਉਨ੍ਹਾਂ ਆਮ ਨਾਗਰਿਕਾਂ ਦੀਆਂ ਹੋ ਸਕਦੀਆਂ ਹਨ ਜੋ ਲਾਪਤਾ ਹੋ ਗਏ ਸਨ। ਇਹ ਇਤਿਹਾਸ ਵਿਚ ਪਹਿਲਾ ਸਰਕਾਰੀ ਇਕਬਾਲ ਸੀ। ਇਸ ਨਾਲ ਜੰਮੂ ਕਸ਼ਮੀਰ ਵਿਧਾਨ ਸਭਾ ਪਹਿਲੀ ਵਾਰ ਇਸ ਬਾਰੇ ਚਰਚਾ ਕਰਨ ਲਈ ਮਜਬੂਰ ਹੋਈ। ਇਹ ਜ਼ਿਆਦਾਤਰ ਕਬਰਾਂ ਪੁਲਿਸ ਥਾਣਿਆਂ ਜਾਂ ਫੌਜ/ ਨੀਮ ਫੌਜੀ ਦਸਤਿਆਂ ਦੇ ਕੈਂਪਾਂ ਨੇੜਲੇ ਪਾਰਕਾਂ 'ਚ ਮਿਲਦੀਆਂ। ਫੌਜ ਅਤੇ ਸੁਰੱਖਿਆ ਦਸਤਿਆਂ ਨੂੰ ਲਾਕਾਨੂੰਨੀਆਂ ਦੀ ਖੁੱਲ੍ਹੀ ਛੁੱਟੀ ਹੈ। ਉਹ ਲਾਸ਼ਾਂ ਨੂੰ ਦਫਨਾਉਣ ਸਮੇਂ ਤਸਵੀਰਾਂ ਖਿੱਚ ਕੇ ਜਾਂ ਕੋਈ ਹੋਰ ਰਿਕਾਰਡ ਤਿਆਰ ਕਰਨ ਅਤੇ ਰਿਕਾਰਡ ਰੱਖਣ ਦੀ ਕੋਈ ਲੋੜ ਨਹੀਂ ਸਮਝਦੇ।

# ਮਨੁੱਖੀ ਅਧਿਕਾਰ ਬਨਾਮ ਹਕੂਮਤਾਂ ਦੇ ਕਹਿਰ

ਜਦੋਂ ਅਕਾਲ ਪੁਰਖ ਨੇ ਸ੍ਰਿਸ਼ਟੀ ਸਾਜ਼ੀ ਸੀ ਜਾਂ ਜਿਸ ਸਮੇਂ ਤੋਂ ਸੰਸਾਰ ਦੀ ਹੋਂਦ ਬਣੀ ਅਤੇ ਮਨੁੱਖ ਦਾ ਵਿਕਾਸ ਹੋਇਆ ਹੈ, ਉਸ ਸਮੇਂ ਹੀ ਉਸਦੇ ਅਧਿਕਾਰਾਂ ਨੂੰ ਵੀ ਕੁਦਰਤ ਨੇ ਨਾਲ ਹੀ ਜਨਮ ਦਿੱਤਾ। ਮਨੁੱਖ ਨੂੰ ਗੁਰਬਾਣੀ ਵਿੱਚ ਵੀ ਸਭ ਜੂਨੀਆਂ ਦਾ ਸਰਦਾਰ ਆਖਿਆ ਗਿਆ ਹੈ। ਓਹ ਇਸ ਕਰਕੇ ਕਿ ਬੇਸ਼ੱਕ ਖਾਨ ਪੀਣ ਜਾਂ ਆਪਣੇ ਬੱਚੇ ਪਾਲਣ ਦੀ ਸੋਝੀ ਅਤੇ ਆਪਣੀ ਰਾਖੀ ਕਰਨ ਦੇ ਢੰਗ ਤਰੀਕੇ ਵੀ ਹਰ ਪਰਜਾਤੀ ਕੋਲ ਹਨ। ਪਰ ਇਸ ਵਿਚ ਮਨੁੱਖ ਹੀ ਇੱਕ ਐਸਾ ਜੀਵ ਹੈ। ਜਿਸਨੂੰ ਪ੍ਰਮਾਤਮਾ ਨੇ ਬਿਬੇਕ ਬੁੱਧ ਦਿੱਤੀ ਹੈ। ਜਿਸ ਨਾਲ ਇਹ ਕਾਦਰ ਦੀ ਕੁਦਰਤ ਦੇ ਓਹਨਾਂ ਰੰਗਾਂ ਦਾ ਲੁਤਫ਼ ਵੀ ਲੈ ਸਕਦਾ ਹੈ, ਜਿਸ ਨੂੰ ਇਨਸਾਨੀ ਜਾਮੇਂ ਤੋਂ ਬਿਨ੍ਹਾਂ ਕਿਸੇ ਤਰੀਕੇ ਵੀ ਨਹੀਂ ਮਾਨਿਆ ਜਾ ਸਕਦਾ। ਲੇਕਿਨ ਮਨੁੱਖ ਦਾ ਵੀ ਜਿਵੇ ਜਿਵੇ ਬੌਧਿਕ ਵਿਕਾਸ ਹੋਇਆ। ਇਸਨੇ ਆਪਣੀ ਹੋਂਦ ਨੂੰ ਖੋਜਿਆ ਅਤੇ ਫਿਰ ਆਪਣੇ ਅੰਤ ਨੂੰ ਲੈਕੇ ਚਿੰਤਤ ਹੋਇਆ ਤਾਂ ਇਸ ਨੇ ਸੰਗਠਨ ਨੂੰ ਜਨਮ ਦਿੱਤਾ। ਜੋ ਕਬੀਲਾ ਅਤੇ ਹੌਲੀ ਹੌਲੀ ਸਮਾਜ ਬਣ ਗਿਆ। ਜਿਥੋਂ ਇਸ ਨੂੰ ਉਸ ਸਮਾਜ ਦੀ ਅਗਵਾਈ ਦਾ ਚਸਕਾ ਪਿਆ, ਕੁਦਰਤ ਦੇ ਅਲੌਕਿਕ ਕਰਤਵ ਅਤੇ ਅਧਭੁੱਤ ਰਚਨਾ ਨੂੰ ਵੇਖ ਮਨੁੱਖ ਦੀ ਜਗਿਆਸਾ ਰਹੀ ਕਿ ਕੋਈ ਇੱਕ ਹੋਰ ਵੱਡੀ ਸ਼ਕਤੀ ਵੀ ਹੈ,ਜਿਸ ਨੇ ਇਹ ਸਭ ਕੁੱਝ ਪੈਦਾ ਕੀਤਾ ਹੈ, ਨੂੰ ਵੀ ਜਾਨਿਆ ਜਾਵੇ। ਇਹਨਾਂ ਹਾਲਾਤਾਂ ਨੇ ਧਰਮ ਅਤੇ ਧਾਰਮਿਕ ਰੁਚੀਆਂ ਨੂੰ ਜਨਮ ਦਿੱਤਾ। ਇਹ ਸਮਾਜ ਧਰਮ ਵਿੱਚ ਤਬਦੀਲ ਹੋਇਆ। ਜਿਥੇ ਕਿਤੇ ਕਿਸੇ ਗੱਲ ਤੇ ਅਸਹਿਮਤੀ ਬਣੀ ਉਥੋਂ ਵਖਰੇਵਾਂ ਅਤੇ ਦੂਸਰਾ ਧਰਮ ਵੀ ਹੋਂਦ ਵਿੱਚ ਆ ਗਿਆ। ਆਪਣੀ ਲੋੜ ਅਨੁਸਾਰ ਆਪਣੇ ਨਿਯਮ ਤਹਿ ਕੀਤੇ ਗਏ। ਜਿਹਨਾਂ ਨੂੰ ਚਲਾਉਣ ਵਾਲਾ ਰਾਜਾ ਬਣ ਗਿਆ ਤੇ ਮੰਨਣ ਵਾਲੇ ਪ੍ਰਜਾ ਰੂਪ ਹੋ ਗਏ। ਇਸ ਰਾਜ ਨੂੰ ਬਣਾਈ ਰੱਖਣ ਦੀ ਲਾਲਸਾ ਨੇ ਦੂਜਿਆਂ ਉੱਤੇ ਆਪਣੀ ਗੱਲ ਜਬਰੀ ਲਾਗੂ ਕਰਨ ਦਾ ਯਤਨ ਕੀਤਾ। ਇਕ ਦੂਜੇ ਦੇ ਵਿਚਾਰਾਂ ਨਾਲ ਅਸਹਿਮਤੀ ਵਿੱਚੋਂ ਈਰਖਾ ਦੀ ਅੱਗ ਨੇ ਜਨਮ ਲਿਆ। ਕਿਸੇ ਇੱਕ ਗੱਲ ਤੇ ਇੱਕ ਮੱਤ ਨਾ ਹੋਣ ਤੇ ਕ੍ਰੋਧ ਨੇ ਜੰਗਾਂ ਯੁੱਧਾਂ ਦੀ ਬਿਰਤੀ ਪੈਦਾ ਕੀਤੀ। ਆਪਣੀ ਸ਼ਕਤੀ ਵਧਾਉਣ ਅਤੇ ਦੂਜੇ ਨੂੰ ਖੋਰਾਂ ਲਾਉਣ ਦੀ ਇੱਲਤ ਨੇ ਮਨੁੱਖ ਨੂੰ ਅਕਲ ਅਤੇ ਸੁਭਾਅ ਪੱਖੋਂ ਜੰਗਲੀ ਬਣਾ ਦਿੱਤਾ। ਇਕ ਦੂਸਰੇ ਦੇ ਹੱਕਾਂ ਤੇ ਡਾਕਾ ਮਾਰਨ ਨੂੰ ਦੇਸ਼ ਭਗਤੀ ਦਾ ਨਾਮ ਦੇ ਦਿੱਤਾ। ਜਿਥੋਂ ਮਨੁੱਖੀ ਅਧਿਕਾਰਾਂ ਦਾ ਸੋਸ਼ਣ ਹੋਣਾ ਆਰੰਭ ਹੋਇਆ।ਆਰੰਭ ਕਾਲ ਵਿੱਚ ਤਾਂ ਮਨੁੱਖ ਕੋਲ ਤਲੀਮ ਦੀ ਘਾਟ ਸੀ ਜਾਂ ਰਾਜ ਕਿਸੇ ਇੱਕ ਵਿਅਕਤੀ ਦਾ ਹੁੰਦਾ ਸੀ ਅਤੇ ਇਹ ਕੁਦਰਤੀ ਹੈ ਕਿ ਅਜਿਹੇ ਰਾਜ ਵਿਚ ਲੋਕਾਂ ਦੀ ਸੁਣਵਾਈ ਦੀ ਘਾਟ ਅਕਸਰ ਹੀ ਹੁੰਦੀ ਸੀ ਤੇ ਅਹਿਲਕਾਰ ਵੀ ਪੱਖਪਾਤੀ ਰਵਈਏ ਕਾਰਨ ਲੋਕਾਂ ਨੂੰ ਪੀੜਾ ਦੇਣ ਦੇ ਕਾਰਕ ਹੋ ਜਾਂਦੇ ਸਨ ਤੇ ਇੱਕ ਜਨ ਸਧਾਰਨ ਦੇ ਮੁੱਢਲੇ ਜਾਂ ਮੌਲਿਕ ਤੇ ਮਨੁੱਖੀ ਅਧਿਕਾਰਾਂ ਦਾ ਹਨਨ ਹੋ ਜਾਂਦਾ ਸੀ। ਇਹ ਪ੍ਰਵਿਰਤੀ ਕਿਸੇ ਇਕ ਧਰਮ ਜਾਂ ਕਿਸੇ ਖਾਸ ਲੋਕਾਂ ਦੇ ਰਾਜ ਵਿਚ ਨਹੀਂ। ਸਗੋਂ ਹਰ ਇੱਕ ਦੇ ਰਾਜ ਵਿਚ ਹੁੰਦੀ ਰਹੀ ਹੈ। ਮੁਗਲਾਂ ਦੇ ਕਾਲ ਵਿੱਚ ਜੋ ਕੁੱਝ ਗੈਰ ਮੁਸਲਮਾਨਾਂ ਨਾਲ ਹੋਇਆ ਜਿਸਨੂੰ ਠੱਲ ਪਾਉਣ ਵਾਸਤੇ ਗੁਰੂ ਨਾਨਕ ਨੇ ਮੋਢਾ ਲਾਇਆ ਤੇ ਫਿਰ ਗੁਰੂ ਘਰ ਨੂੰ ਇਹਨਾਂ ਮਨੁੱਖੀ ਅਧਿਕਾਰਾਂ ਨੂੰ ਬਚਾਉਣ ਵਾਸਤੇ ਆਪਣੇ ਸਰਬੰਸ ਤੱਕ ਵਾਰਨੇ ਪਏ, ਤੱਤੀਆਂ ਤਵੀਆਂ ਤੇ ਰੜਣਾਂ ਪਿਆ। ਕਿਸੇ ਦੇ ਅਧਿਕਾਰਾਂ ਨੂੰ ਬਚਾਉਣ ਵਾਸਤੇ ਹੀ ਤਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਆਪਣਾ ਸਿਰ ਕਲਮ ਕਰਵਾਉਣਾ ਪਿਆ।

ਜਦੋਂ ਵੀ ਇਨਸਾਨ ਹੈਵਾਨੀਅਤ ਤੇ ਉਤਰਿਆ ਤਾਂ ਉਸਨੇ ਮਨੁੱਖੀ ਅਧਿਕਾਰਾਂ ਦਾ ਕਚੂੰਬਰ ਕਢਕੇ ਰੱਖ ਦਿੱਤਾ। ਹਿੰਦੂ ਧਰਮ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਨਾਂ ਦਾ ਵੱਡਾ ਇਤਿਹਾਸ ਹੈ ਕਿ ਦਲਿਤਾਂ ਨੂੰ ਧਰਮ ਮੰਤਰ ਸੁਨਣ ਦੀ ਮਨਾਹੀ ਕਰਕੇ ਉਹਨਾਂ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ। ਉਹਨਾਂ ਨੂੰ ਸਮੇਂ ਦੇ ਧਾਰਮਿਕ ਤੇ ਰਾਜਨੀਤਿਕ ਆਗੂਆਂ ਵੱਲੋਂ ਚਿਤਵਨੀ ਸੀ ਕਿ ਆਪਣੇ ਗਲ ਵਿੱਚ ਕੁੱਜਾ ਬੰਨ ਕੇ ਰੱਖਣਾ ਹੈ ਤਾਂ ਕਿ ਉਹਨਾਂ ਦਾ ਭ੍ਰਿਸ਼ਟ ਥੁੱਕ ਧਰਤੀ ਤੇ ਨਾ ਡਿੱਗੇ ਅਤੇ ਚਲਦੇ ਸਮੇਂ ਆਪਣੇ ਪਿਛੇ ਇੱਕ ਮੋਹੜੀ ਬੰਨਕੇ ਰੱਖਣੀ ਹੈ ਕਿ ਕਿਤੇ ਦਲਿਤ ਦੀ ਪੈੜ ਦਾ ਨਿਸ਼ਾਨ ਬਾਕੀ ਨਾ ਰਹੇ ਅਤੇ ਜਦੋਂ ਦਲਿਤ ਨੇ ਰਸਤੇ ਤੋਂ ਲੰਘਣਾ ਹੈ ਤਾਂ ਇਸ ਤਰੀਕੇ ਲੰਘਣਾ ਹੈ ਕਿ ਧੁੱਪ ਨਾਲ ਉਸਦਾ ਪਰਛਾਵਾਂ ਕਿਸੇ ਉਚ ਜਾਤੀ ਦੇ ਬੰਦੇ ਤੇ ਨਾ ਪੈ ਜਾਵੇ। ਇਹ ਸਭ ਕੁੱਝ ਮਨੂੰ ਸਿਮਰਤੀ ਅਤੇ ਵਰਨਵਾਦ ਅਨੁਸਾਰ ਸਮਾਜ ਵਿੱਚ ਕਿਸੇ ਮਨੁੱਖ ਵੱਲੋਂ ਕੀਤੀ ਮਨੁੱਖਤਾ ਦੀ ਵੰਡ ਕਰਕੇ ਸੀ ਕਿ ਜਿਸਨੇ ਬ੍ਰਾਹਮਣ, ਕਸ਼ਤਰੀ, ਵੈਸ਼ ਤੇ ਸੂਦਰ ਬਣਾਕੇ ਮਨੁੱਖੀ ਅਧਿਕਾਰਾਂ ਨੂੰ ਖਤਮ ਕਰ ਦਿੱਤਾ ਸੀ। ਅੱਜ ਤੱਕ ਵੀ ਬਹੁਤ ਸਾਰੇ ਹਿੰਦੂ ਮੰਦਰਾਂ ਵਿਚ ਕਿਸੇ ਦਲਿਤ ਦੇ ਦਾਖਲੇ ਤੇ ਪਬੰਦੀ ਹੈ।ਇਹ ਕੁਕਰਮ ਇੱਕ ਦੋ ਸਿੱਖ ਅਖਵਾਉਣ ਵਾਲੇ ਡੇਰਿਆਂ, ਜਿਵੇ ਡੇਰਾ ਰੂਮੀ ਭੁਚੋ ਅਤੇ ਨਾਨਕਸਰ ਠਾਠ ਜੋਰਾ ਸਿੰਘ ਬਧਨੀ ਵਾਲੇ ਵੀ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਵਿਚ ਗੁਰੂ ਕੇ ਲੰਗਰ ਵਿਚ ਦਲਿਤਾਂ ਵਾਸਤੇ ਵੱਖਰੀ ਪੰਗਤ ਲਾਕੇ ਕਰਦੇ ਹਨ। ਦਮਦਮੀ ਟਕਸਾਲ ਵਿੱਚ ਦਲਿਤਾਂ ਨੂੰ ਵਖਰੇ ਅਮ੍ਰਿਤ ਦੀ ਪ੍ਰਥਾ ਹੈ ਅਤੇ ਦਮਦਮੀ ਟਕਸਾਲ ਦੇ ਜਥੇ ਦੇ ਅਖਵਾਉਣ ਦੇ ਬਾਵਜੂਦ ਵੀ ਦਲਿਤ ਜਾਤੀ ਨਾਲ ਸਬੰਧ ਲੋਕਾਂ ਨੂੰ ਉਚ ਜਾਤੀਏ ਬਰਾਬਰ ਦਾ ਸਤਿਕਾਰ ਨਹੀਂ ਦਿੰਦੇ। ਜਦੋਂ ਕਿ ਗੁਰੂ ਨਾਨਕ ਨੇ ਵਰਨਵਾਦ ਅਤੇ ਮਨੂੰਵਾਦੀ ਬਿਰਤੀ ਨੂੰ ਰੱਦ ਕੀਤਾ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਸ਼ਪੈਸ਼ਲ ਕੋਰੇਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Thinking of Buying/Selling ?

WIN ZONE Realty Inc.

WIN ZONE REALTY INC.



# Baldev Singh

Associate Broker/Notary Public

146-20 34 av. Flushing NY 11354


Cell : 917-224-7395

Email : josanbaldev@yahoo.com

# ਚੀਨ ਦੀਆਂ ਜੇਲ੍ਹਾਂ ’ਚ 1,800 ਤੋਂ ਵੱਧ ਤਿੱਬਤੀ ਨਜ਼ਰਬੰਦ - ਮਨੁੱਖੀ ਅਧਿਕਾਰ ਸੰਗਠਨ

ਬੀਜਿੰਗ-ਧਰਮਸ਼ਾਲਾ ਆਧਾਰਤ ਤਿੱਬਤੀ ਸੈਂਟਰ ਫ਼ੌਰ ਹਿਊਮਨ ਰਾਈਟਸ ਐਂਡ ਡੈਮੋਕਰੇਸੀ ਨੇ ਮਨੁੱਖੀ ਅਧਿਕਾਰ ਦਿਵਸ ’ਤੇ ਤਿੱਬਤੀ ਰਾਜਨੀਤਕ ਕੈਦੀਆਂ ਦਾ ਇੱਕ ਔਨ-ਲਾਈਨ ਡਾਟਾਬੇਸ ਲੌਂਚ ਕੀਤਾ। ਇਸ ਵਿੱਚ ਉਨ੍ਹਾਂ ਨੇ ਦੱਸਿਆ ਕਿ ਇਸ ਸਮੇਂ ਚੀਨ ਦੀਆਂ ਜੇਲ੍ਹਾਂ ਵਿੱਚ 1,809 ਲੋਕ ਨਜ਼ਰਬੰਦ ਹਨ। ਫ਼ੈਯੂਲ ਨੇ ਦੱਸਿਆ ਕਿ ਇਹ ਪਹਿਲਕਦਮੀ ਜਨੇਵਾ ਸਥਿਤ (ਮਨੁੱਖੀ ਅਧਿਕਾਰ ਸੂਚਨਾ ਅਤੇ ਦਸਤਾਵੇਜ਼ ਪ੍ਰਣਾਲੀ) ਐਪਲੀਕੇਸ਼ਨ ਉਵਾਜੀ ਦੇ ਸਹਿਯੋਗ ਨਾਲ ਕੀਤੀ ਗਈ ਹੈ। ਇਸ ਨੇ ਅੱਗੇ ਦੱਸਿਆ ਕਿ 1990 ਤੋਂ ਲੈ ਕੇ ਹੁਣ ਤਕ 5,518 ਤਿੱਬਤੀ ਸਿਆਸੀ ਕੈਦੀਆਂ ਦੀ ਜਾਣਕਾਰੀ ਵਾਲਾ ਡਾਟਾਬੇਸ ਤਿਆਰ ਕੀਤਾ ਗਿਆ ਹੈ।

ਫ਼ੈਯੂਲ ਮੁਤਾਬਕ ਖੋਜੀ ਤੇਨਜਿਨ ਦਾਵਾ ਨੇ ਕਿਹਾ ਕਿ 3,067 ਕੈਦੀ ਰਿਹਾਅ ਕੀਤੇ ਗਏ ਹਨ ਜਦੋਂ ਕਿ 1,809 ਲੋਕ ਅਜੇ ਵੀ ਚੀਨ ਦੀਆਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ। ਟੀ.ਸੀ.ਐੱਚ.ਆਰ.ਡੀ. ਨੇ ਕਿਹਾ ਕਿ ਮਨੁੱਖੀ ਅਧਿਕਾਰ ਦਿਵਸ ਮੌਕੇ ਲੌਂਚ ਕੀਤੇ ਗਏ ਡਾਟਾਬੇਸ ਨੂੰ ਆਬਜ਼ਰਵਰਾਂ ਤੋਂ ਪ੍ਰਾਪਤ ਨਵੀਂ ਜਾਣਕਾਰੀ ਨਾਲ ਅਪਡੇਟ ਕੀਤਾ ਜਾਵੇਗਾ। ਸੰਯੁਕਤ ਰਾਸ਼ਟਰ ਦੀ ਨਿਗਰਾਨੀ ਹੇਠ ਹਰ ਸਾਲ 10 ਦਸੰਬਰ ਨੂੰ ਦੁਨੀਆਂ ਦੇ ਸਾਰੇ ਦੇਸ਼ਾਂ



ਵਿੱਚ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ। 10 ਦਸੰਬਰ, 1948 ਨੂੰ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੁਆਰਾ ਮਨੁੱਖੀ ਅਧਿਕਾਰਾਂ ਦਾ ਵਿਸ਼ਵ-ਵਿਆਪੀ ਘੋਸਣਾ ਪੱਤਰ ਘੋਸ਼ਿਤ ਕੀਤਾ ਗਿਆ ਸੀ।

ਫ਼ੈਯੂਲ ਨੇ ਪ੍ਰੈਸ ਰਿਲੀਜ਼ ਦੇ ਹਵਾਲੇ ਨਾਲ ਕਿਹਾ ਕਿ ਡਾਟਾਬੇਸ ਨੂੰ ਟੀ.ਸੀ.ਐੱਚ.ਆਰ.ਡੀ. ਦੇ ਪੁਰਾਲੇਖ ਵਿੱਚ ਪੁਰਾਣੇ ਦਸਤਾਵੇਜ਼ਾਂ ਦੀ ਸਮੀਖਿਆ ਕਰਨ ਅਤੇ ਹੋਰ ਸਮਾਨ ਡਾਟਾਬੇਸ ਦੇ ਨਾਲ ਕਰਾਸ-ਚੈਕਿੰਗ ਤੋਂ ਬਾਅਦ ਕੰਪਾਇਲ ਮਤਲਬ ਜੋੜਿਆ ਗਿਆ ਸੀ। ਡਾਟਾਬੇਸ ਵਿੱਚ ਹਰੇਕ ਕੈਦੀ ਦੇ ਮੂਲ ਸਥਾਨ ਦੇ ਕਾਊਂਟੀ-ਪੱਧਰ ਦੇ ਜੀ.ਪੀ.ਐੱਸ. ਕੋਆਰਡੀਨੇਟਸ ਸ਼ਾਮਲ ਹੁੰਦੇ ਹਨ। ਖੋਜੀ ਨਈਮਾ ਵੂਸਰ ਨੇ ਕਿਹਾ ਕਿ 5,518 ਕੋਈ ਛੋਟੀ ਸੰਖਿਆ ਨਹੀਂ ਹੈ। ਇਹ ਪ੍ਰਮਾਣਿਤ ਕੇਸ ਹਨ ਜਿਨ੍ਹਾਂ ਨੂੰ ਡਾਟਾਬੇਸ ਵਿੱਚ ਪੁਖਤਾ ਸਬੂਤਾਂ ਦੇ ਨਾਲ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਚੀਨ ਨੂੰ ਉਸ ਦੇ ਅੱਤਿਆਚਾਰਾਂ ਲਈ ਜਵਾਬਦੇਹ ਬਣਾਉਣਾ ਚਾਹੀਦਾ ਹੈ। ਸਮੂਹ ਨੇ ਅੱਗੇ ਦਾਅਵਾ ਕੀਤਾ ਕਿ ਡਾਟਾ ਸਿਰਫ਼ ਖੁੱਲੇ ਸਰੋਤਾਂ ਤੋਂ ਪ੍ਰਾਪਤ ਕੀਤੇ ਕੇਸ ਹਨ, ਜੋ ਸੁਝਾਅ ਦਿੰਦੇ ਹਨ ਕਿ ਬਹੁਤ ਸਾਰੇ ਅਣਪਛਾਤੇ ਕੇਸਾਂ ਦਾ ਪਤਾ ਲਗਾਉਣਾ ਅਜੇ ਬਾਕੀ ਹੈ। ਫ਼ੈਯੂਲ ਨੇ ਦੱਸਿਆ ਕਿ ਨਜ਼ਰਬੰਦੀ ਦੇ 300 ਤੋਂ ਵੱਧ ਮਾਮਲੇ ਟੀ.ਸੀ.ਐੱਚ.ਆਰ.ਡੀ. ਦੇ ਰਿਕਾਰਡਾਂ ਵਿੱਚ ਅਣਸੁਲਝੇ ਪਏ ਹਨ ਕਿਉਂਕਿ ਕੈਦੀਆਂ ਦੁਆਰਾ ਸਜ਼ਾ ਪੂਰੀ ਕਰਨ ਤੋਂ ਬਾਅਦ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋਈ ਸੀ। ਇਸ ਦੌਰਾਨ ਮਨੁੱਖੀ ਅਧਿਕਾਰ ਸੰਗਠਨ ਨੇ ਆਲਮੀ ਭਾਈਚਾਰੇ ਨੂੰ ਤਿੱਬਤੀ ਧਰਤੀ ’ਤੇ ਚੱਲ ਰਹੇ ਚੀਨੀ ਅੱਤਿਆਚਾਰਾਂ ਦੀ ਨਿੰਦਾ ਕਰਨ ਦੀ ਅਪੀਲ ਕੀਤੀ। ਮਨੁੱਖੀ ਅਧਿਕਾਰ ਸੰਗਠਨ ਨੇ ਕਿਹਾ ਕਿ ਅਸੀਂ ਸੰਯੁਕਤ ਰਾਸ਼ਟਰ, ਸੰਗਠਨਾਂ ਅਤੇ ਵਿਅਕਤੀਆਂ ਸਮੇਤ ਅੰਤਰਰਾਸ਼ਟਰੀ ਭਾਈਚਾਰੇ ਨੂੰ ਚੀਨ ’ਤੇ ਤਿੱਬਤ ਵਿੱਚ ਸੱਭਿਆਚਾਰਕ ਸ਼ਮੂਲੀਅਤ ਦੀ ਆਪਣੀ ਰਾਜ-ਪ੍ਰਯੋਜਿਤ ਨੀਤੀ ਨੂੰ ਤੁਰੰਤ ਰੋਕਣ ਲਈ ਦਬਾਅ ਬਣਾਉਣ ਲਈ ਕਹਿੰਦੇ ਹਾਂ। ਤਿੱਬਤ ’ਤੇ ਬੀਜਿੰਗ ਸਥਿਤ ਚੀਨੀ ਕਮਿਊਨਿਸਟ ਪਾਰਟੀ ਦੀ ਸਰਕਾਰ ਦੁਆਰਾ ਸਾਸਨ ਕੀਤਾ ਜਾਂਦਾ ਹੈ। ਸਥਾਨਕ ਫ਼ੈਸਲੇ ਲੈਣ ਦੀ ਸਕਤੀ ਚੀਨੀ ਪਾਰਟੀ ਦੇ ਅਧਿਕਾਰੀਆਂ ਦੇ ਹੱਥਾਂ ਵਿੱਚ ਕੇਂਦਰਿਤ ਹੈ। 1950 ਵਿੱਚ ਚੀਨ ਦੇ ਹਮਲੇ ਤੋਂ ਪਹਿਲਾਂ ਤਿੱਬਤ ਇੱਕ ਪ੍ਰਭੂਸੱਤਾ ਸੰਪੰਨ ਰਾਜ ਸੀ ਜਦੋਂ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐੱਲ.ਏ.) ਉੱਤਰੀ ਤਿੱਬਤ ਵਿੱਚ ਦਾਖਲ ਹੋਈ ਸੀ।

# ਪੋਲੀਓ ਟੀਮ ਦੀ ਸੁਰੱਖਿਆ ’ਚ ਤਾਇਨਾਤ ਪੁਲੀਸ ਮੁਲਾਜ਼ਮ ਦਾ ਕਤਲ




ਪਿਸ਼ਾਵਰ - ਪਾਕਿਸਤਾਨ ਦੇ ਖ਼ੈਬਰ-ਪਖ਼ਤੂਨਖ਼ਵਾ ਸੂਬੇ ’ਚ ਪੋਲੀਓ ਟੀਮ ਦੀ ਸੁਰੱਖਿਆ ’ਚ ਤਾਇਨਾਤ ਇੱਕ ਪੁਲੀਸ ਮੁਲਾਜ਼ਮ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਤੋਂ ਕੁੱਝ ਦਿਨ ਪਹਿਲਾਂ ਇਸੇ ਤਰ੍ਹਾਂ ਦੀ ਇੱਕ ਘਟਨਾ ’ਚ ਦੋ ਫ਼ੌਜੀਆਂ ਉੱਤੇ ਹਮਲਾ ਕੀਤਾ ਗਿਆ ਸੀ ਜਿਨ੍ਹਾਂ ’ਚੋਂ ਇੱਕ ਦੀ ਮੌਤ ਹੋ ਗਈ ਸੀ। ਪੁਲੀਸ ਨੇ ਦੱਸਿਆ ਕਿ ਇਹ ਘਟਨਾ ਟਾਂਕ ਜ਼ਿਲ੍ਹੇ ਦੀ ਹੈ ਜਿੱਥੇ ਪੋਲੀਓ ਟੀਮ ਦੀ ਸੁਰੱਖਿਆ ਕਰ ਰਹੇ ਕਾਂਸਟੇਬਲ ਨਜ਼ੀਰ ਸ਼ਾਹ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ffw) ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ffw ਨੂੰ ਪਾਕਿਸਤਾਨੀ ਤਾਲਿਬਾਨ ਵੀ ਕਿਹਾ ਜਾਂਦਾ ਹੈ। ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ, “ffw ਨੇ ਦੱਖਣੀ ਵਜ਼ੀਰਿਸਤਾਨ ਨਾਲ ਲੱਗਦੇ ਟਾਂਕ ਜ਼ਿਲ੍ਹੇ ਦੇ ਗੁਸ਼ਾਦਾ ਪਿੰਡ ’ਚ ਟੀਕਾਕਰਨ ਕਰਨ ਵਾਲੇ ਲੋਕਾਂ ਉੱਤੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਅਤਿਵਾਦੀਆਂ ਦੀ ਗੋਲੀਬਾਰੀ ’ਚ ਪੁਲੀਸ ਕਾਂਸਟੇਬਲ ਨਜ਼ੀਰ ਸ਼ਾਹ ਦੀ ਮੌਤ ਹੋ ਗਈ।”

ਗੋਲੀਬਾਰੀ ’ਚ ਇੱਕ ਹੋਰ ਪੁਲੀਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਿਆ। ffw ਨੇ ਐਲਾਨ ਕੀਤਾ ਕਿ ਉਸ ਨੇ ਸਰਕਾਰ ਨਾਲ ਇੱਕ ਮਹੀਨੇ ਲਈ ਜੰਗਬੰਦੀ ਸਮਝੌਤਾ ਕੀਤਾ ਹੈ ਅਤੇ ਉਸ ਦੇ ਬਾਅਦ ਤੋਂ ਇਹ ਦੂਜਾ ਹਮਲਾ ਹੈ। ਖ਼ੈਬਰ ਪਖ਼ਤੂਨਖ਼ਵਾ ’ਚ ਪੋਲੀਓ ਟੀਮ ਦੀ ਸੁਰੱਖਿਆ ’ਚ ਤਾਇਨਾਤ ਇੱਕ ਫ਼ੌਜੀ ਦਾ ਕਤਲ ਕਰ ਦਿੱਤਾ ਗਿਆ ਸੀ ਜਦਕਿ ਦੂਸਰਾ ਜ਼ਖ਼ਮੀ ਹੈ।

# ‘ਇਮਰਾਨ ਵਿਰੋਧੀ ਧਿਰ ਦੇ ਨੇਤਾ ਸ਼ਾਹਬਾਜ਼ ਸਰੀ.ਫ ਨੂੰ ਜੇਲ੍ਹ ਭੇਜਣ ਦੀ ਕਰ ਰਹੇ ਕੋਸ਼ਿਸ਼’

ਇਸਲਾਮਾਬਾਦ -ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ.ਐੱਮ.ਐੱਲ-ਐੱਨ.) ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ’ਤੇ ਦੋਸ਼ ਲਗਾਇਆ ਕਿ ਉਨ੍ਹਾਂ ਦੀ ਸਰਕਾਰ ਵਿਰੋਧੀ ਧਿਰ ਦੇ ਨੇਤਾ ਸਾਹਬਾਜ਼ ਸ਼ਰੀਫ਼ ਨੂੰ ਸੰਘੀ ਜਾਂਚ ਏਜੰਸੀ (ਐੱਫ਼. ਆਈ. ਏ.) ਰਾਹੀਂ ਜੇਲ੍ਹ ਭੇਜਣ ਦੀ ਫ਼ਿਰਾਕ ’ਚ ਹਨ। ਪੀ.ਐੱਮ.ਐੱਲ.-ਐੱਨ. ਦੀ ਸੂਚਨਾ ਸਕੱਤਰ ਮਰੀਅਮ ਔਰੰਗਜ਼ੇਬ ਨੇ ਇੱਕ ਪ੍ਰੈੱਸ ਕਾਨਫ਼ਰੰਸ ’ਚ ਦੱਸਿਆ ਕਿ ਐੱਫ਼.ਆਈ.ਏ. ਰਾਹੀਂ ਸ਼ਰੀਫ਼ ਨੂੰ ਝੂਠੇ ਦੋਸ਼ਾਂ ’ਚ ਫ਼ਸਾ ਕੇ ਜੇਲ੍ਹ ਭੇਜਣ ਦੀ ਇੱਕ ਹੋਰ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਉਹ ਸਰਕਾਰ ਦੇ ਭ੍ਰਿਸ਼ਟਾਚਾਰ ਤੇ ਅਯੋਗਤਾ ਦਾ ਪਰਦਾਫ਼ਾਸ਼ ਨਾ ਕਰ ਸਕਣ। ਮਰੀਅਮ ਨੇ ਕਿਹਾ, “ਸਾਲ 2018 ’ਚ ਇਮਰਾਨ ਖਾਨ ਨੂੰ ਦੇਸ਼ ’ਤੇ ਥੋਪੇ ਜਾਣ ਤੋਂ ਬਾਅਦ ਭ੍ਰਿਸ਼ਟ, ਜ਼ਾਲਮ ਅਤੇ ਅਯੋਗ ਸਰਕਾਰ ਨੇ ਪੀ.ਐੱਮ.ਐੱਲ.-ਐੱਨ. ਲੀਡਰਸ਼ਿਪ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਲਈ ਸਰਕਾਰੀ ਸਰੋਤਾਂ ਦੀ ਦੁਰਵਰਤੋਂ ਤੋਂ ਇਲਾਵਾ ਕੁਝ ਨਹੀਂ ਕੀਤਾ ਹੈ।

ਉਨ੍ਹਾਂ ਨੇ ਕਿਹਾ, “ਇਮਰਾਨ ਸਾਹਬ ਇਹ ਡਰਾਮਾ ਹੁਣ ਖ਼ਤਮ ਹੋ ਜਾਣਾ ਚਾਹੀਦਾ ਹੈ। ਜਦੋਂ ਐੱਨ.ਏ. ਬੀ.-ਨਿਆਜ਼ੀ ਗੱਠਜੋੜ



ਫ਼ੇਲ੍ਹ ਹੋ ਗਿਆ ਹੈ, ਉਹੀ ਕੇਸ ਐੱਫ਼.ਆਈ.ਏ. ਵਲੋਂ ਦੁਬਾਰਾ ਖੋਲ੍ਹੇ ਜਾ ਰਹੇ ਹਨ। ਉਹੀ ਸਵਾਲ ਫ਼ਿਰ ਸਾਹਮਣੇ ਆਏ ਹਨ, ਜਿਨ੍ਹਾਂ ਦਾ ਜਵਾਬ ਸਰੀ.ਫ ਨੇ 3 ਸਾਲ ਪਹਿਲਾਂ ਦਿੱਤਾ ਸੀ। ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਦੇਣ ਦੇ ਨਾਲ-ਨਾਲ ਐੱਨ.ਏ.ਬੀ. ਅਤੇ ਸਰਕਾਰ ਨੂੰ ਪਟੀਸ਼ਨ ਵਾਪਸ ਲੈਣ ਲਈ ਮਜਬੂਰ ਕੀਤਾ ਹੈ। ਇੱਕ ਪ੍ਰੈੱਸ ਕਾਨਫ਼ਰੰਸ ’ਚ ਪੀ.ਐੱਮ.ਐੱਲ.-ਐੱਨ. ਨੇ ਐਲਾਨ ਕੀਤਾ ਕਿ 2023 ਦੀਆਂ ਆਮ ਚੋਣਾਂ ’ਚ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ।

# ਕੇਦਾਰਨਾਥ ਬਣੇਗਾ ਪਲਾਸਟਿਕ ਫ਼ਰੀ ਜ਼ੋਨ, ਸ਼ਰਧਾਲੂਆਂ ਨੂੰ ਤਾਂਬੇ ਦੀਆਂ ਬੋਤਲਾਂ ਕਰਵਾਈਆਂ ਜਾਣਗੀਆਂ ਮੁਹੱਈਆ



ਦੇਹਰਾਦੂਨ - ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਜ਼ਨ ਮੁਤਾਬਿਕ ਕੇਦਾਰਪੁਰੀ ਨੂੰ ਪਲਾਸਟਿਕ ਫ਼ਰੀ ਜ਼ੋਨ ਬਣਾਇਆ ਜਾਵੇਗਾ। ਸਰਕਾਰ ਨੇ ਇਸ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। ਪਲਾਸਟਿਕ ਕਚਰਾ ਪ੍ਰਬੰਧਨ ਬਾਰੇ ਠੋਸ ਕਦਮ ਚੁੱਕਣ ਤੋਂ ਇਲਾਵਾ ਕੇਦਾਰਪੁਰੀ ਨੂੰ ਪਲਾਸਟਿਕ ਦੀਆਂ ਬੋਤਲਾਂ ਤੋਂ ਨਿਜਾਤ ਦਿਵਾਉਣ ਦੇ ਮੱਦੇਨਜ਼ਰ ਸ਼ਰਧਾਲੂਆਂ ਨੂੰ ਤਾਂਬੇ ਦੀਆਂ ਬੋਤਲਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਨ੍ਹਾਂ ਦੇ ਡਿਜ਼ਾਈਨ ਤੇ ਲਾਗਤ ਦੇ ਸਿਲਸਿਲੇ ’ਚ ਰੱਖ਼ਿਆ ਖੋਜ ਤੇ ਵਿਕਾਸ ਸੰਗਠਨ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਬੋਤਲਾਂ ਦਾ ਨਿਰਮਾਣ ਅਲਮੋੜਾ ਅਤੇ ਬਾਗੇਸ਼ਵਰ ਦੇ ਤਾਮਰ ਸ਼ਿਲਪੀਆਂ ਕੋਲੋਂ ਕਰਵਾਇਆ ਜਾਵੇਗਾ।

# ਆਸਟ੍ਰੇਲੀਆ ਨੇ ਵਿਦਿਆਰਥੀਆਂ, ਹੁਨਰਮੰਦ ਕਾਮਿਆਂ ਲਈ ਖੋਲ੍ਹੀਆਂ ਆਪਣੀਆਂ ਸਰਹੱਦਾਂ

ਕੈਨਬਰਾ -ਆਸਟ੍ਰੇਲੀਆ ਵਿੱਚ ਪੜ੍ਹਨ ਅਤੇ ਕੰਮ ਕਰਨ ਦੇ ਚਾਹਵਾਨਾਂ ਲਈ ਚੰਗੀ ਖ਼ਬਰ ਹੈ। ਆਸਟ੍ਰੇਲੀਆ ਦੀਆਂ ਸਰਹੱਦਾਂ ਇਸ ਹਫ਼ਤੇ ਵਿਦੇਸ਼ੀ ਵਿਦਿਆਰਥੀਆਂ ਅਤੇ ਹੁਨਰਮੰਦ ਕਾਮਿਆਂ ਲਈ ਯੋਜਨਾ ਮੁਤਾਬਕ ਖੁੱਲ੍ਹ ਜਾਣਗੀਆਂ। ਸਿਹਤ ਮੰਤਰੀ ਗ੍ਰੇਗ ਹੰਟ ਨੇ ਸੋਮਵਾਰ ਨੂੰ ਇਸ ਸਬੰਧੀ ਪੁਸ਼ਟੀ ਕੀਤੀ। ਸਮਾਚਾਰ ਏਜੰਸੀ ‘ਸ਼ਿਨਹੂਆ’ ਦੀ ਰਿਪੋਰਟ ਮੁਤਾਬਕ ਸਿਹਤ ਮੰਤਰੀ ਨੇ ਕਿਹਾ ਕਿੋਂ ਵਿਦੇਸੀ ਵਿਦਿਆਰਥੀ ਅਤੇ ਹੁਨਰਮੰਦ ਕਾਮੇ ਮਾਰਚ 2020 ਤੋਂ ਬਾਅਦ ਪਹਿਲੀ ਵਾਰ ਆਸਟ੍ਰੇਲੀਆ ਵਿੱਚ ਦਾਖਲ ਹੋ ਸਕਣਗੇ। ਪਹੁੰਚਣ ਮਗਰੋਂ ਉਨ੍ਹਾਂ ਨੂੰ ਲੋੜ ਮੁਤਾਬਕ ਕੁਆਰੰਟੀਨ ਰੱਖਿਆ ਜਾਵੇਗਾ। ਬਾਰਡਰਾਂ ਨੂੰ ਸ਼ੁਰੂ ਵਿੱਚ 1 ਦਸੰਬਰ ਨੂੰ ਦੁਬਾਰਾ ਖੋਲ੍ਹਿਆ ਜਾਣਾ ਸੀ ਪਰ ਨਵੇਂ ਓਮੀਕਰੋਨ ਵੈਰੀਐਂਟ ਨੂੰ ਲੈ ਕੇ ਚਿੰਤਾਵਾਂ ਦੇ ਵਿਚਕਾਰ ਯੋਜਨਾ ਵਿੱਚ ਤਬਦੀਲੀ ਕਰ ਕੇ 2 ਹਫ਼ਤਿਆਂ ਲਈ ਦੇਰੀ ਕੀਤੀ ਗਈ। ਹੰਟ ਨੇ ਕਿਹਾ ਕਿ ਚੀਫ਼ ਮੈਡੀਕਲ ਅਫ਼ਸਰ ਪਾਲ ਕੈਲੀ ਅਤੇ ਅੰਤਰਰਾਸ਼ਟਰੀ ਸਬੂਤ ਆਸਾਵਾਦੀ ਸਨ ਕਿ ਓਮੀਕਰੋਨ ਵੈਰੀਐਂਟ “ਹਲਕੇ ਹੋਣ ਦੇ ਸਪੱਸ਼ਟ ਸੰਕੇਤ ਦਿਖਾ ਰਿਹਾ ਹੈ”। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਮਜ਼ਬੂਤ, ਸਪੱਸ਼ਟ ਸਬੂਤ ਇਹ ਹੈ ਕਿ ਸਾਰੇ ਟੀਕੇ ਗੰਭੀਰ ਬਿਮਾਰੀ, ਹਸਪਤਾਲ ਵਿੱਚ ਦਾਖਲ ਹੋਣ ਅਤੇ ਜਾਨ ਗੁਆਉਣ ਦੇ ਵਿਰੁੱਧ ਬਹੁਤ ਸਪੱਸ਼ਟ ਕਵਰੇਜ਼ ਪ੍ਰਦਾਨ ਕਰਨਾ ਜਾਰੀ ਰੱਖਦੇ ਹਨ। ਮੰਤਰੀ ਨੇ ਇਹ ਘੋਸ਼ਣਾ ਵੀ ਕੀਤੀ ਕਿ ਟੈਲੀਹੈੱਲਥ ਸੇਵਾਵਾਂ, ਜਿਨ੍ਹਾਂ ਨੇ ਆਸਟ੍ਰੇਲੀਆਈ ਲੋਕਾਂ ਨੂੰ ਮਹਾਂਮਾਰੀ ਦੌਰਾਨ ਰਿਮੋਟ ਤੋਂ ਡਾਕਟਰਾਂ ਨਾਲ ਸਲਾਹ ਕਰਨ ਦੀ ਆਗਿਆ ਦਿੱਤੀ ਹੈ, ਨੂੰ ਸਥਾਈ ਬਣਾਇਆ ਜਾਵੇਗਾ।16 ਮਿਲੀਅਨ ਤੋਂ ਵੱਧ ਆਸਟ੍ਰੇਲੀਆਈ ਲੋਕਾਂ ਨੇ ਮਹਾਂਮਾਰੀ ਦੌਰਾਨ 86 ਮਿਲੀਅਨ ਮੁਲਾਕਾਤਾਂ ਲਈ ਟੈਲੀਹੈੱਲਥ ਦੀ ਵਰਤੋਂ ਕੀਤੀ। ਮਹਾਂਮਾਰੀ ਦੀ ਤੀਜੀ ਲਹਿਰ ਨਾਲ ਜੂਝ ਰਹੇ ਆਸਟ੍ਰੇਲੀਆ ਨੇ 1,800 ਤੋਂ ਵੱਧ ਨਵੇਂ ਸਥਾਨਕ ਤੌਰ ’ਤੇ ਗ੍ਰਹਿਣ ਕੀਤੇ ਕੋਰੋਨਾਵਾਇਰਸ ਕੇਸ ਅਤੇ ਦੋ ਮੌਤਾਂ ਦੀ ਰਿਪੋਰਟ ਕੀਤੀ। ਸਿਹਤ ਵਿਭਾਗ ਮੁਤਾਬਕ ਹੁਣ ਤਕ 16 ਸਾਲ ਅਤੇ ਇਸ ਤੋਂ ਵੱਧ ਉਮਰ ਦੇ 93.3 ਪ੍ਰਤੀਸ਼ਤ ਆਸਟ੍ਰੇਲੀਅਨਾਂ ਨੇ ਟੀਕੇ ਦੀ ਇੱਕ ਖ਼ੁਰਾਕ ਪ੍ਰਾਪਤ ਕੀਤੀ ਹੈ ਅਤੇ 89.2 ਪ੍ਰਤੀਸਤ ਪੂਰੀ ਤਰ੍ਹਾਂ ਟੀਕਾਕਰਨ ਕਰਾ ਚੁੱਕੇ ਹਨ।



# ਕੈਨੇਡਾ ਨੇ ਦੱਖਣੀ ਅਫ਼ਰੀਕੀ ਦੇਸ਼ਾਂ ਤੋਂ ਪਰਤਣ ਵਾਲੇ ਨਾਗਰਿਕਾਂ ਨੂੰ ਦਿੱਤੀ ਵੱਡੀ ਰਾਹਤ

ਔਟਵਾ -ਕੈਨੇਡਾ ਸਰਕਾਰ ਨੇ ਦੱਖਣੀ ਅਫ਼ਰੀਕੀ ਦੇਸ਼ਾਂ ਤੋਂ ਪਰਤਣ ਵਾਲੇ ਆਪਣੇ ਨਾਗਰਿਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਦੱਖਣੀ ਅਫ਼ਰੀਕੀ ਦੇਸ਼ਾਂ 'ਤੇ ਦੂਜੇ ਦੇਸ਼ਾਂ ਦੁਆਰਾ ਲਗਾਈਆਂ ਜਾ ਰਹੀਆਂ ਯਾਤਰਾ ਪਾਬੰਦੀਆਂ ਦੀਆਂ ਆਲੋਚਨਾਵਾਂ ਦੇ ਵਿਚਕਾਰ, ਕੈਨੇਡਾ ਨੇ ਆਪਣਾ ਯਾਤਰਾ ਨਿਯਮ ਹਟਾ ਦਿੱਤਾ ਹੈ, ਜਿਸ ਮੁਤਾਬਕ ਦੱਖਣੀ ਅਫ਼ਰੀਕਾ ਤੋਂ ਲੋੜੀਂਦੇ ਕੋਵਿਡ-19 ਟੈਸਟਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇ ਕੈਨੇਡੀਅਨ ਯਾਤਰੀਆਂ ਨੂੰ ਤੀਜੇ ਦੇਸ਼ ਤੋਂ ਟੈਸਟ ਕਰਵਾਉਣ ਦੀ ਲੋੜ ਨਹੀਂ ਹੈ। 'ਦਿ ਗਲੋਬ ਐਂਡ ਮੇਲ' ਨੇ ਰਿਪੋਰਟ ਕੀਤੀ ਕਿ ਐਲਾਨੀ ਗਈ ਨਵੀਂ ਨੀਤੀ ਦੇ ਤਹਿਤ ਅਗਲੇ 4 ਹਫ਼ਤਿਆਂ ਲਈ ਸਾਰੀਆਂ ਏਅਰਲਾਈਨਾਂ 'ਤੇ ਦੱਖਣੀ ਅਫ਼ਰੀਕਾ ਤੋਂ ਯਾਤਰਾ ਕਰਨ ਵਾਲੇ ਕੈਨੇਡੀਅਨਾਂ ਲਈ ਤੀਜੇ-ਦੇਸ਼ ਦੇ ਨਿਯਮ ਨੂੰ ਹਟਾ ਦਿੱਤਾ ਹੈ, ਜਿਸ ਨਾਲ ਦੱਖਣੀ ਅਫ਼ਰੀਕਾ ਦੇ ਟੈਸਟਾਂ 'ਤੇ ਪਾਬੰਦੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖ਼ਤਮ ਕਰ ਦਿੱਤਾ ਗਿਆ ਹੈ। ਹਾਲਾਂਕਿ ਗੈਰ-ਕੈਨੇਡੀਅਨਾਂ ਲਈ ਯਾਤਰਾ ਪਾਬੰਦੀ ਜਾਰੀ ਰਹੇਗੀ। ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ-ਜਨਰਲ ਟੇਡਰੋਸ ਅਡਾਨੋਮ ਘੇਬਰੇਸਿਸ ਨੇ ਕਿਹਾ ਅਫ਼ਰੀਕੀ ਦੇਸ਼ਾਂ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੀ ਮੁਹਾਰਤ ਦੇ ਨਾਲ-ਨਾਲ ਉਨ੍ਹਾਂ ਦੀ ਪਾਰਦਰਸ਼ਤਾ ਅਤੇ ਜਿਸ ਵਿੱਚ ਓਮੀਕਰੋਨ ਵੈਰੀਐਂਟ ਨਾਲ ਸਬੰਧਤ ਡਾਟਾ ਵੀ ਸ਼ਾਮਲ ਹੈ, ਦਾ ਸਨਮਾਨ ਕਰਨਾ ਚਾਹੀਦਾ ਹੈ।




ਨਵੰਬਰ ਦੇ ਅਖੀਰ ਵਿੱਚ ਕੈਨੇਡਾ ਨੇ 10 ਅਫ਼ਰੀਕੀ ਦੇਸ਼ਾਂ ਦੇ ਵਿਦੇਸ਼ੀ ਯਾਤਰੀਆਂ 'ਤੇ ਪਾਬੰਦੀ ਲਗਾ ਦਿੱਤੀ ਸੀ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਆਉਣ-ਜਾਣ ਲਈ ਤੀਜੇ ਦੇਸ਼ ਤੋਂ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਮਿਲਣ ਤੋਂ ਬਾਅਦ ਹੀ ਦੇਸ਼ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ। ਅਜਿਹਾ ਕਰਨਾ ਮੁਸੀਬਤ ਬਣ ਗਿਆ ਕਿਉਂਕਿ ਬਹੁਤ ਸਾਰੇ ਕੈਨੇਡੀਅਨ ਫ਼ਸ ਗਏ ਅਤੇ ਦੂਜਿਆਂ ਨੂੰ ਇਥੋਪੀਆ ਵਿੱਚ ਟੈਸਟ ਲੈਣ ਲਈ ਸਮਾਂ ਬਿਤਾਉਣ ਲਈ ਮਜਬੂਰ ਹੋਣਾ ਪਿਆ। ਫ਼ਿਲਹਾਲ ਸਰਕਾਰ ਨੇ ਆਪਣੀ ਯਾਤਰਾ ਨੀਤੀ 'ਚ ਬਦਲਾਅ ਦਾ ਕੋਈ ਕਾਰਨ ਨਹੀਂ ਦੱਸਿਆ ਹੈ।

# ਟੈਕਸਾਸ 'ਚ ਗੋਲੀਬਾਰੀ ਦੌਰਾਨ ਇੱਕ ਵਿਅਕਤੀ ਦੀ ਮੌਤ, 13 ਜ਼ਖ਼ਮੀ

ਬੇਟਾਊਨ - ਅਮਰੀਕਾ ਵਿੱਚ ਹਿਊਸਟਨ ਨੇੜੇ ਤਿਉਹਾਰ ਦੇ ਚੱਲ ਰਹੇ ਇਕੱਠ 'ਚ ਗੋਲੀਬਾਰੀ ਦੀ ਘਟਨਾ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਘੱਟੋ-ਘੱਟ 13 ਹੋਰ ਜ਼ਖ਼ਮੀ ਹੋ ਗਏ। ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਹੈਰਿਸ ਕਾਊਂਟੀ ਦੇ ਸੈਰਿਫ਼ ਐਡ ਗੋਂਜ਼ਾਲੇਜ਼ ਨੇ ਦੱਸਿਆ ਕਿ ਗੋਲੀਬਾਰੀ ਸ਼ਾਮ 6.40 ਵਜੇ ਦੇ ਕਰੀਬ ਹੋਈ ਜਦੋਂ ਬੇਟਾਊਨ ਦੇ ਨੌਰਥ ਮਾਰਕੀਟ ਲੂਪ ਨੇੜੇ 50 ਲੋਕਾਂ ਦਾ ਇੱਕ ਸਮੂਹ ਜਸ਼ਨ ਮਨਾਉਣ ਲਈ ਇਕੱਠਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਇਹ ਲੋਕ ਜਸ਼ਨ ਮਨਾ ਰਹੇ ਸਨ ਅਤੇ ਹਵਾ ਵਿੱਚ ਗੁਬਾਰੇ ਛੱਡ ਹੀ ਰਹੇ ਸਨ ਕਿ ਉੱਥੇ ਇੱਕ ਗੱਡੀ ਪਹੁੰਚੀ ਅਤੇ ਭੀੜ 'ਤੇ ਗੋਲੀਆਂ ਚਲਾ ਦਿੱਤੀਆਂ।

ਗੋਂਜ਼ਾਲੇਜ਼ ਨੇ ਸੋਮਵਾਰ ਸਵੇਰੇ ਦੱਸਿਆ ਕਿ ਜਿਸ ਵਿਅਕਤੀ ਦੀ ਮੌਤ ਹੋਈ ਉਸ ਦੀ ਉਮਰ ਤਕਰੀਬਨ 20-22 ਸਾਲ ਸੀ। ਉਨ੍ਹਾਂ ਦੱਸਿਆ ਕਿ 3 ਜ਼ਖ਼ਮੀਆਂ ਨੂੰ ਹੈਲੀਕੌਪਟਰ ਰਾਹੀਂ ਹਸਪਤਾਲ ਲਿਜਾਇਆ ਗਿਆ। ਅਜਿਹਾ ਕਿਹਾ ਜਾ ਰਿਹਾ ਹੈ ਕਿ ਜ਼ਖ਼ਮੀਆਂ ਵਿੱਚ ਇੱਕ ਛੋਟਾ ਬੱਚਾ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਬਾਅਦ ਵਿੱਚ ਬੇਟਾਊਨ ਦੇ ਮੈਡੀਕਲ ਸੈਂਟਰ ਵਿੱਚ ਬੁਲਾਇਆ ਗਿਆ ਜਿੱਥੇ



ਕੁਝ ਜ਼ਖ਼ਮੀਆਂ ਨੂੰ ਲਿਜਾਇਆ ਗਿਆ ਸੀ ਕਿਉਂਕਿ ਉੱਥੇ ਅਸ਼ਾਂਤੀ ਭੜਕ ਉੱਠੀ ਸੀ। ਗੋਂਜ਼ਾਲੇਜ਼ ਨੇ ਕਿਹਾ ਕਿ ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਹਮਲਾਵਰ ਇੱਕ ਛੋਟੀ, ਗੂੜ੍ਹੇ ਰੰਗ ਦੀ ਸੇਡਾਨ ਚਲਾ ਰਹੇ ਸਨ। ਫ਼ਿਲਹਾਲ ਕਿਸੇ ਗ੍ਰਿਫ਼ਤਾਰੀ ਦਾ ਐਲਾਨ ਨਹੀਂ ਕੀਤਾ ਗਿਆ ਹੈ।

# ਅਸਥਾਨਾ ਵਲੋਂ ਨਸ਼ਿਆਂ ਦੇ ਮਾਮਲੇ 'ਤੇ ਲਿਖੀ ਨੋਟਿੰਗ ਨਾਲ ਸਰਕਾਰ ਮੁਸ਼ਕਿਲ 'ਚ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਐਨ ਪਹਿਲਾਂ ਨਸ਼ਿਆਂ ਦੇ ਮੁੱਦੇ 'ਤੇ ਪੁਲੀਸ ਦੀ ਕਾਰਵਾਈ ਨੂੰ ਲੈ ਕੇ ਸਰਕਾਰ ਦੀ ਸ਼ਸ਼ੋਪੰਜ ਵੱਧਦੀ ਜਾ ਰਹੀ ਹੈ। ਇਸ ਮਾਮਲੇ 'ਤੇ ਚੱਲ ਰਹੀ ਸਰਕਾਰੀ ਵਿਚਾਰ ਚਰਚਾ ਦੌਰਾਨ ਅੱਜ ਵੱਡੀਆਂ ਘਟਨਾਵਾਂ ਵਾਪਰੀਆਂ। ਉਨ੍ਹਾਂ ਵਿੱਚ ਇੱਕ ਤਾਂ ਇਹੋ ਹੈ ਕਿ ਮੈਡੀਕਲ ਛੁੱਟੀ 'ਤੇ ਚਲੇ ਆ ਰਹੇ ਸੀਨੀਅਰ ਪੁਲੀਸ ਅਧਿਕਾਰੀ ਅਤੇ ਡਾਇਰੈਕਟਰ ਬਿਓਰੋ ਆਫ਼ ਇਨਵੈਸਟੀਗੇਸ਼ਨ (ਬੀ.ਓ.ਆਈ) ਐੱਸ. ਕੇ. ਅਸਥਾਨਾ ਦੀ ਸਿਹਤ ਨਾਸਾਜ਼ ਹੋਣ ਕਾਰਨ ਉਹ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਹੋ ਗਏ ਹਨ। ਇਸੇ ਦੌਰਾਨ ਦੇਰ ਸ਼ਾਮ ਨਸ਼ਿਆਂ ਦੇ ਮਾਮਲੇ 'ਤੇ ਕਾਰਵਾਈ ਕਰਨ ਲਈ ਇੱਕ ਆਈ.ਜੀ. ਰੈਂਕ ਦੇ ਪੁਲੀਸ ਅਧਿਕਾਰੀ ਨੂੰ ਮੂਹਰੇ ਲਾਉਣ ਦੇ ਚਰਚੇ ਵੀ ਚੱਲ ਰਹੇ ਹਨ। ਸਭ ਤੋਂ ਅਹਿਮ ਤੱਥ ਇਹ ਹੈ ਕਿ ਅਮਰੀਕਾ ਦੇ ਇੱਕ ਵਟਸਐਪ ਨੰਬਰ ਤੋਂ 'ਪੰਜਾਬੀ ਟ੍ਰਿਬਿਊਨ' ਨੂੰ 4 ਸਫ਼ਿਆਂ ਦਾ ਅੰਗਰੇਜ਼ੀ ਵਿੱਚ ਲਿਖਿਆ ਇੱਕ ਨੋਟ ਹਾਸਲ ਹੋਇਆ ਹੈ। ਇਸ ਨੋਟ 'ਤੇ ਡਾਇਰੈਕਟਰ (ਬੀਓਆਈ) ਐੱਸ. ਕੇ. ਅਸਥਾਨਾ ਦੇ ਦਸਤਖ਼ਤ ਦੱਸੇ ਜਾ ਰਹੇ ਹਨ ਅਤੇ ਉਸ 'ਤੇ 11 ਦਸੰਬਰ ਦੀ ਤਰੀਕ ਹੈ। ਇਹ ਨੋਟ ਡੀ.ਜੀ.ਪੀ. ਨੂੰ ਮੁਖ਼ਾਤਿਬ ਹੁੰਦਿਆਂ ਲਿਖਿਆ ਗਿਆ ਹੈ। ਇਸ ਨੋਟ ਰਾਹੀਂ ਕਿਹਾ ਗਿਆ ਹੈ ਕਿ ਸਾਰੇ ਮਾਮਲੇ ਦੀ ਸਮੀਖਿਆ ਕਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਇਸ 'ਤੇ ਅਗਲੀ ਕਾਰਵਾਈ ਕਰਨ ਲਈ ਅਦਾਲਤ ਦੀ ਇਜਾਜ਼ਤ ਜ਼ਰੂਰੀ ਹੈ। ਸੂਤਰਾਂ ਮੁਤਾਬਕ ਇਸ ਨੋਟ ਤੋਂ ਬਾਅਦ ਸਰਕਾਰ ਲਈ ਮੁਸ਼ਕਿਲ ਬਣ ਗਈ ਹੈ। ਇਸ ਸਮੇਂ ਸਰਕਾਰ ਦੀ ਇੱਕ ਉੱਚ ਪੱਧਰੀ ਮੀਟਿੰਗ ਵੀ ਹੋਈ ਹੈ ਜਿਸ 'ਚ ਨਸ਼ਿਆਂ ਦੇ ਮਾਮਲੇ 'ਤੇ ਕਾਰਵਾਈ ਉਤੇ ਵਿਚਾਰ ਕੀਤਾ ਗਿਆ ਹੈ। ਉਚ ਪੱਧਰੀ ਪੁਲੀਸ ਸੂਤਰਾਂ ਅਨੁਸਾਰ ਪੰਜਾਬ ਪੁਲੀਸ ਦੇ ਅਧਿਕਾਰੀ ਇਸ ਮਾਮਲੇ 'ਤੇ ਹੱਥ ਪਾਉਣ ਤੋਂ ਕੰਨੀ ਕਤਰਾ ਰਹੇ ਹਨ। ਇਹੀ ਕਾਰਨ ਹੈ ਕਿ ਸ੍ਰੀ ਅਸਥਾਨਾ ਨੇ ਕੁਝ ਦਿਨ ਦੀ ਮੈਡੀਕਲ ਛੁੱਟੀ ਭੇਜ ਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਮੀਟਿੰਗ 'ਚ ਸ਼ਮੂਲੀਅਤ ਕਰਨ ਤੋਂ ਵੀ ਅਸਮਰੱਥਾ ਜਤਾਈ ਸੀ। ਸੂਤਰਾਂ ਮੁਤਾਬਕ ਇਸ ਪੁਲੀਸ ਅਧਿਕਾਰੀ ਦੀ ਸਿਹਤ ਸਬੰਧੀ ਇੰਟੈਲੀਜੈਂਸ ਵਿੰਗ ਦੇ ਅਧਿਕਾਰੀਆਂ ਨੂੰ ਪੁਖ਼ਤਾ ਜਾਣਕਾਰੀ ਹਾਸਲ ਕਰਨ ਲਈ ਵੀ ਕਿਹਾ ਗਿਆ ਸੀ ਅਤੇ ਹਸਪਤਾਲ ਦੇ ਡਾਕਟਰਾਂ ਨੇ ਅਸਥਾਨਾ ਦੇ ਸਾਹ ਲੈਣ 'ਚ ਤਕਲੀਫ਼ ਹੋਣ ਦੀ ਬਿਮਾਰੀ ਦੀ ਪੁਸ਼ਟੀ ਕੀਤੀ ਹੈ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਜਿਸ ਤਰ੍ਹਾਂ ਡਾਕਟਰਾਂ ਵਲੋਂ ਸ੍ਰੀ ਅਸਥਾਨਾ ਦੀ ਸਿਹਤ ਸਬੰਧੀ ਪ੍ਰਗਟਾਵਾ ਕੀਤਾ ਗਿਆ ਹੈ ਉਸ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਇਲਾਜ ਅਧੀਨ ਪੁਲੀਸ ਅਧਿਕਾਰੀ ਦੇ ਸਿਹਤਯਾਬ ਹੋਣ 'ਚ ਕੁੱਝ ਦਿਨ ਲੱਗ ਸਕਦੇ ਹਨ।



ਜ਼ਿਕਰਯੋਗ ਹੈ ਕਿ ਨਸ਼ਿਆਂ ਦੇ ਫ਼ੈਲਾਉ ਦੇ ਮਾਮਲੇ ਵਿੱਚ ਕਈ ਪ੍ਰਮੁੱਖ ਸਿਆਸੀ ਆਗੂਆਂ ਦੇ ਨਾਂ ਉਭਰਦੇ ਰਹੇ ਹਨ। ਅਸਥਾਨਾ ਦੇ ਕਥਿਤ ਨੋਟ ਅਤੇ ਇੱਕ ਸੀਨੀਅਰ ਪੁਲੀਸ ਅਧਿਕਾਰੀ ਅਨੁਸਾਰ ਸਰਕਾਰ ਜਿਨ੍ਹਾਂ ਮਾਮਲਿਆਂ ਦੀ ਪੜਤਾਲ ਮੁੜ ਤੋਂ ਖੋਲ੍ਹਣ ਬਾਰੇ ਕਹਿ ਰਹੀ ਹੈ, ਉਹ ਮਾਮਲੇ ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਛੇੜੇ ਨਹੀਂ ਜਾ ਸਕਦੇ ਹਨ। ਇਸ ਕਾਰਨ ਪੁਲੀਸ ਅਧਿਕਾਰੀ ਇਸ ਮਾਮਲੇ ਨੂੰ ਹੱਥ ਪਾਉਣ ਤੋਂ ਗੁਰੇਜ਼ ਕਰ ਰਹੇ ਹਨ।

### ਬੀ.ਓ.ਆਈ. ਦੇ ਨਵੇਂ ਡਾਇਰੈਕਟਰ ਬਾਰੇ ਸਰਕਾਰ ਕਰ ਰਹੀ ਹੈ ਵਿਚਾਰ

ਪੰਜਾਬ ਪੁਲੀਸ ਵਿੱਚ ਡਾਇਰੈਕਟਰ ਬੀਓਆਈ ਦਾ ਅਹੁਦਾ ਅਹਿਮ ਮੰਨਿਆ ਜਾਂਦਾ ਹੈ ਕਿਉਂਕਿ ਮਹੱਤਵਪੂਰਨ ਅਪਰਾਧਿਕ ਮਾਮਲਿਆਂ ਦੀ ਜਾਂਚ ਬੀ.ਓ.ਆਈ. 'ਚ ਤਾਇਨਾਤ ਅਧਿਕਾਰੀਆਂ ਨੇ ਹੀ ਕਰਨੀ ਹੁੰਦੀ ਹੈ। ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਸਰਕਾਰ ਵੱਲੋਂ ਡਾਇਰੈਕਟਰ ਬੀ.ਓ.ਆਈ. ਦੀ ਅਸਾਮੀ 'ਤੇ ਕਿਸੇ ਹੋਰ ਪੁਲੀਸ ਅਧਿਕਾਰੀ ਦੀ ਤਾਇਨਾਤੀ ਲਈ ਵੀ ਵਿੱਚਾਰ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਹੋਣ ਵਾਲੀਆਂ ਮੀਟਿੰਗ ਵਿੱਚ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਡੀਜੀਪੀ ਇੱਕਬਾਲ ਪ੍ਰੀਤ ਸਿੰਘ ਸਹੋਤਾ, ਐੱਸ.ਟੀ.ਐੱਫ਼. ਮੁਖੀ ਹਰਪ੍ਰੀਤ ਸਿੰਘ ਸਿੱਧੂ, ਐੱਸ. ਕੇ. ਅਸਥਾਨਾ, ਜ਼ੀਰਾ ਤੋਂ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਆਦਿ ਵੀ ਸ਼ਾਮਲ ਹੁੰਦੇ ਰਹਿੰਦੇ ਹਨ। ਇਨ੍ਹਾਂ ਮੀਟਿੰਗਾਂ ਦੌਰਾਨ ਤੈਅ ਹੋਇਆ ਸੀ ਕਿ ਨਸ਼ਿਆਂ ਦੇ ਮਾਮਲੇ ਵਿੱਚ ਕਾਰਵਾਈ ਬੀ.ਓ.ਆਈ. ਨੇ ਹੀ ਕਰਨੀ ਹੈ।

# ਅਮਰੀਕਾ 'ਚ -ਐੱਚ.-1 ਬੀ. ਸਬੰਧੀ ਨਵਾਂ ਬਿੱਲ ਪੇਸ਼, ਵੀਜ਼ਾ ਨਿਯਮਾਂ ਨੂੰ ਸਖ਼ਤ ਕਰਨ ਦੀ ਮੰਗ

ਵਾਸ਼ਿੰਗਟਨ- ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਨਵੇਂ ਇਮੀਗ੍ਰੇਸ਼ਨ ਨੇ ਐੱਚ.-1 ਬੀ. ਵੀਜ਼ਾ ਪ੍ਰੋਗਰਾਮ ਵਿੱਚ ਹੋਰ ਸਖ਼ਤ ਨਿਯਮਾਂ ਦੀ ਮੰਗ ਕੀਤੀ ਹੈ, ਜਿਸ ਦੀ ਵਰਤੋਂ ਕੰਪਨੀਆਂ ਉੱਚ-ਹੁਨਰਮੰਦ ਕਾਮਿਆਂ ਵਿੱਚ ਅੰਤਰਾਲ ਨੂੰ ਦੂਰ ਕਰਨ ਲਈ ਕਰਦੀਆਂ ਹਨ। ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਪ੍ਰਸਤਾਵਿਤ ਅਮਰੀਕੀ ਟੈਕ ਵਰਕਫ਼ੋਰਸ ਐਕਟ 2021, ਵਿਕਲਪਿਕ ਪ੍ਰੈਕਟੀਕਲ ਟਰੇਨਿੰਗ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਮੰਗ ਕਰਦਾ ਹੈ ਕਿਉਂਕਿ ਇਹ ਜ਼ਿਆਦਾਤਰ ਵੱਡੀਆਂ ਤਕਨੀਕੀ ਕੰਪਨੀਆਂ ਨੂੰ ਟੈਕਸ ਬਰੇਕਾਂ ਪ੍ਰਦਾਨ ਕਰ ਕੇ ਅਤੇ ਉਨ੍ਹਾਂ ਨੂੰ ਘੱਟ ਕੀਮਤ 'ਤੇ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਦੀ ਇਜਾਜ਼ਤ ਦੇ ਕੇ ਲਾਭ ਪਹੁੰਚਾਉਂਦਾ ਹੈ। ਰਿਪਬਲਿਕਨ ਸਟੱਡੀ ਕਮੇਟੀ ਦੇ ਚੇਅਰਮੈਨ ਜਿਮ ਬੈਂਕਸ ਦੁਆਰਾ ਬਿਗ ਟੈਕ ਨੂੰ ਜਵਾਬਦੇਹ ਰੱਖਣ ਲਈ ਰਿਪਬਲਿਕਨ ਸਟੱਡੀ ਕਮੇਟੀ ਇਨੀਸ਼ੀਏਟਿਵ ਦੇ ਹਿੱਸੇ ਵਜੋਂ ਬਿੱਲ ਪੇਸ਼ ਕੀਤਾ ਗਿਆ ਸੀ।

ਕਾਨੂੰਨ ਵਜੋਂ ਦਸਤਖ਼ਤ ਕੀਤੇ ਜਾਣ ਤੋਂ ਪਹਿਲਾਂ ਇਸ ਨੂੰ ਪਹਿਲਾਂ ਸਦਨ ਅਤੇ ਫ਼ਿਰ ਸੈਨੇਟ ਦੁਆਰਾ ਦੁਆਰਾ ਮਨਜ਼ੂਰੀ ਦਿਵਾਉਣੀ ਪਵੇਗੀ ਬੈਂਕਾਂ ਨੇ ਇੱਕ ਬਿਆਨ ਵਿੱਚ ਕਿਹਾ ਕਿ ਬਿਗ ਟੈਕ ਅਮਰੀਕਾ ਵਿੱਚ ਕੁਝ ਸਭ ਤੋਂ ਵੱਧ ਮੁਨਾਫ਼ੇ ਵਾਲੇ ਅਤੇ ਕੀਮਤੀ ਕੈਰੀਅਰ




ਦੇ ਮੌਕਿਆਂ ਨੂੰ ਪਾਸੇ ਰੱਖ ਰਿਹਾ ਹੈ ਅਤੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਵਿਦੇਸ਼ੀ ਮਹਿਮਾਨ ਕਰਮਚਾਰੀਆਂ ਨੂੰ ਦੇ ਰਿਹਾ ਹੈ। ਉਹ ਕੁਝ ਪੈਸੇ ਬਚਾਉਣ ਲਈ ਅਮਰੀਕੀਆਂ ਨੂੰ ਕੱਟ ਰਹੇ ਹਨ। ਇਹ ਘਰੇਲੂ ਆਊਟਸੋਰਸਿੰਗ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਅਮਰੀਕੀ ਕਰਮਚਾਰੀਆਂ ਅਤੇ ਸਾਡੇ ਦੇਸ਼ ਦੇ ਭਵਿੱਖ ਵਿੱਚ ਉਨ੍ਹਾਂ ਦੀ ਭੂਮਿਕਾ ਲਈ ਇਹ ਹੈਰਾਨ ਕਰਨ ਵਾਲੀ ਅਣਦੇਖੀ ਹੈ। ਸਾਨੂੰ ਬਿਗ ਟੈਕ ਦੇ ਪ੍ਰੋਤਸ਼ਾਹਨ ਨੂੰ ਠੀਕ ਕਰਨਾ ਚਾਹੀਦਾ ਹੈ, ਤਾਂ ਜੋ ਉਹ ਅਮਰੀਕੀ ਲੋਕਾਂ ਨੂੰ ਪਹਿਲ ਦਿੱਤੀ ਜਾ ਸਕੇ। ਬਿੱਲ ਥਰਡ-ਪਾਰਟੀ ਕੰਪਨੀਆਂ ਦੁਆਰਾ ਸਪੌਂਸਰ ਕੀਤੇ -1 ਕਰਮਚਾਰੀਆਂ ਲਈ ਵੀਜ਼ਾ ਦੀ ਵੈਧਤਾ ਨੂੰ 3 ਸਾਲ ਦੀ ਬਜਾਏ ਇੱਕ ਸਾਲ ਤਕ ਸੀਮਤ ਕਰੇਗਾ। 2019 ਵਿੱਚ ਐਮਾਜ਼ੋਨ, ਗੂਗਲ, ਮਾਈਕ੍ਰੋਸੌਫ਼ਟ, ਫ਼ੇਸਬੁੱਕ, ਆਈ.ਬੀ.ਐੱਮ. ਅਤੇ ਐੱਪਲ ਐੱਚ-1ਬੀ ਵੀਜ਼ਾ ਪ੍ਰਾਪਤ ਕਰਨ ਵਾਲੇ ਚੋਟੀ ਦੇ 8 ਸ਼ੁਰੂਆਤੀ ਪ੍ਰਵਾਨਗੀ ਪ੍ਰਾਪਤਕਰਤਾਵਾਂ ਵਿੱਚੋਂ 6 ਸਨ। ਬੈਂਕਾਂ ਨੇ ਕਿਹਾ ਕਿ ਇਹ ਸਮੂਹ ਘੱਟੋ-ਘੱਟ 2014 ਤੋਂ ਮਨਜ਼ੂਰਸ਼ੁਦਾ ਪ੍ਰਾਪਤਕਰਤਾ ਪੂਲ ਵਿੱਚ ਸਿਖ਼ਰ 'ਤੇ ਹੈ। ਅਮਰੀਕਨ ਟੈਕ ਵਰਕਫ਼ੋਰਸ ਐਕਟ ਨੂੰ ਅਮਰੀਕਨ ਪ੍ਰਿੰਸੀਪਲਜ਼ ਪ੍ਰੋਜੈਕਟ, ਫ਼ੈਡਰੇਸ਼ਨ ਫ਼ੋਰ ਅਮੈਰੀਕਨ ਇਮੀਗ੍ਰੇਸ਼ਨ ਸੁਧਾਰ ਅਤੇ ਦੁਆਰਾ ਸਮਰਥਨ ਪ੍ਰਾਪਤ ਹੈ।

# ਇਟਲੀ ’ਚ ਹੁਣ ਭਾਰਤੀ ਧਾਰਮਿਕ ਅਸਥਾਨਾਂ ’ਤੇ ਚੋਰਾਂ ਦੀ ਅੱਖ, ਮੰਦਰ ’ਚ ਚੋਰੀ ਦੀ ਅਸਫ਼ਲ ਕੋਸ਼ਿਸ਼

ਰੋਮ - ਇਟਲੀ ਵਿੱਚ ਪਹਿਲਾਂ ਭਾਰਤੀ ਲੋਕਾਂ ਦੇ ਘਰਾਂ ਵਿੱਚੋ ਚੋਰਾਂ ਨੇ ਸੋਨੇ ਦੇ ਗਹਿਣੇ ਚੋਰੀ ਕਰਨ ਵਿੱਚ ਕੋਈ ਕਸਰ ਨਹੀ ਛੱਡੀ ਤੇ ਹੁਣ ਇਨ੍ਹਾਂ ਚੋਰਾਂ ਦੀ ਅੱਖ ਭਾਰਤੀ ਧਾਰਮਿਕ ਅਸਥਾਨਾਂ ’ਤੇ ਜਾਪਦੀ ਹੈ। ਇਸ ਦੇ ਮੱਦੇਨਜ਼ਰ ਇਟਲੀ ਦੇ ਜਲ੍ਹਿਾ ਕਰਮੋਨਾ ਵਿੱਚ ਪੈਂਦੇ ਸ਼੍ਰੀ ਦੁਰਗਿਆਣਾ ਮੰਦਰ ਕਸਤਲਵੇਰਦੇ ਵਿਖੇ ਚੋਰਾਂ ਵਲੋ ਗੋਲਕ ਨੂੰ ਚੋਰੀ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਗਈ। ਇਸ ਸਾਰੇ ਘਟਨਾਕ੍ਰਮ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੀ ਦੁਰਗਿਆਣਾ ਮੰਦਰ ਕਸਤਲਵੇਰਦੇ ਦੇ ਉੱਪ ਪ੍ਰਧਾਨ ਅਨਿਲ ਕੁਮਾਰ ਲੋਧੀ ਨੇ ਦੱਸਿਆ ਕਿ ਬੀਤੀ ਰਾਤ 4 ਅਣਪਛਾਤੇ ਵਿਅਕਤੀਆਂ ਦੁਆਰਾ ਮੰਦਰ ਦੀ ਗੋਲਕ ਨੂੰ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਵਿੱਚੋਂ 2 ਵਿਅਕਤੀ ਕਾਰ ਵਿੱਚ ਹੀ ਸਵਾਰ ਸਨ, ਜਦੋਂ ਕਿ 2 ਵਿਅਕਤੀਆਂ ਨੇ ਮੰਦਰ ਦੇ ਅੰਦਰ ਆ ਕੇ ਗੋਲਕ ਨੂੰ ਚੁੱਕ ਕੇ ਲਿਜਾਣ ਦਾ ਅਸਫ਼ਲ ਯਤਨ ਕੀਤਾ। ਇਹ ਕਥਿਤ ਚੋਰ ਮੰਦਰ ਦੀ ਗੋਲਕ ਨੂੰ ਮੰਦਰ ਦੇ ਹਾਲ ਦੇ ਮੇਨ ਗੇਟ ਤਕ ਲਿਜਾਣ ਵਿੱਚ ਸਫ਼ਲ ਹੋ ਗਏ ਪਰ ਮੰਦਰ ਦੇ ਪੁਜਾਰੀ ਪੰਡਤ ਭਾਉਮੀ ਕੁਮਾਰ ਨੇ ਜਦੋਂ ਖੜਕਾ ਸੁਣਿਆ ਤਾਂ ਉਹ ਮੰਦਰ ਦੇ ਹਾਲ ਵਿੱਚ ਪਹੁੰਚ ਗਏ, ਜਿਸ ਨੂੰ ਦੇਖ ਮੰਦਰ ਵਿੱਚ ਚੋਰੀ ਕਰਨ ਆਏ ਅਣਪਛਾਤੇ ਵਿਅਕਤੀ ਗੋਲਕ ਨੂੰ ਮੰਦਰ ਦੇ ਮੁੱਖ ਹਾਲ ਦੇ ਦਰਵਾਜ਼ੇ ਕੋਲ ਛੱਡ ਕੇ ਕਾਰ ਵਿੱਚ ਨੌਂ ਦੋ ਗਿਆਰਾਂ ਹੋ ਗਏ। ਜਿਸ ਕਾਰਨ ਚੋਰੀ ਦੀ ਇਹ ਘਟਨਾ ਨਾਕਾਮ ਹੋ ਗਈ। ਅਨਿਲ ਕੁਮਾਰ ਲੋਧੀ ਨੇ ਅੱਗੇ ਦੱਸਿਆ ਕਿ ਇਸ ਸਬੰਧੀ ਪੁਲੀਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ।



ਜ਼ਿਕਰਯੋਗ ਹੈ ਕਿ ਇਟਲੀ ਵਿੱਚ ਬੇਸ਼ੱਕ ਪ੍ਰਸ਼ਾਸ਼ਨ ਦਾ ਸੁੱਰਖ਼ਿਆ ਤਾਣਾ-ਬਾਣਾ ਬਹੁਤ ਸਖ਼ਤ ਹੈ ਪਰ ਇਸ ਦੇ ਬਾਵਜੂਦ ਭਾਰਤੀ ਲੋਕਾਂ ਦਾ ਇਨ੍ਹਾਂ ਗੁੰਮਨਾਮ ਚੋਰਾਂ ਵਲੋਂ ਲੱਖਾਂ ਰੁਪਏ ਦਾ ਨੁਕਸਾਨ ਹੁਣ ਤਕ ਕੀਤਾ ਜਾ ਚੁੱਕਾ ਹੈ ਤੇ ਪੁਲੀਸ ਚੋਰੀ ਦੀਆਂ ਵਾਰਦਾਤਾਂ ਵਿੱਚ ਕੋਈ ਸੁਰਾਗ ਨਹੀ ਲੱਭ ਸਕੀ। ਇਸ ਲਈ ਇਟਲੀ ਦੇ ਭਾਰਤੀ ਲੋਕ ਆਪਣੇ ਧਾਰਮਿਕ ਅਸਥਾਨਾਂ ਦੀ ਨਿਗਰਾਨੀ ਚੌਕੰਨੇ ਹੋ ਕਰਨ, ਨਹੀ ਤਾਂ ਪਛਤਾਣਾ ਪੈ ਸਕਦਾ ਹੈ।

# ਚੀਨ ਨੇ ਅਧਿਆਪਕਾਂ ਲਈ ਲਾਜ਼ਮੀ ਹੋਈ ਮੈਂਡਰਿਨ ਭਾਸ਼ਾ




ਬੀਜਿੰਗ- ਚੀਨੀ ਸਰਕਾਰ ਨੇ ਅਧਿਆਪਕਾਂ ਲਈ ਮੰਦਾਰਿਨ ਭਾਸ਼ਾ ਜ਼ਰੂਰੀ ਕਰ ਦਿੱਤੀ ਹੈ। ਚੀਨੀ ਸਰਕਾਰ ਨੇ ਕਿਹਾ ਕਿ ਭਵਿੱਖ ਦੇ ਸਾਰੇ ਅਧਿਆਪਕਾਂ ਲਈ ਇੱਕ ਮਿਆਰੀ ਮੰਦਾਰਿਨ ਬੋਲਣ ਦੀ ਪ੍ਰੀਖਿਆ ਪਾਸ ਕਰਨੀ ਹੋਵੇਗੀ। ‘ਹੌਂਗਕੌਂਗ ਪੋਸਟ’ ਦੀ ਰਿਪੋਰਟ ਅਨੁਸਾਰ ਇਹ ਯਕੀਨੀ ਬਣਾਉਣ ਲਈ ਔਨ-ਲਾਈਨ ਦੂਰਸਥਾਨ ਨਿਰਦੇਸ਼ ਨਿਯੋਜਿਤ ਕੀਤਾ ਜਾਵੇਗਾ ਤਾਂ ਕਿ ਸਾਰੇ ਚੀਨੀ ਜਾਤੀਆਂ ਦੇ ਟ੍ਰੇਨਰ ਵੀ ਔਨ-ਲਾਈਨ ਭਾਸ਼ਾ ਦਾ ਅਧਿਐਨ ਕਰ ਸਕੇ।

ਚੀਨੀ ਸਰਕਾਰ ਅਨੁਸਾਰ, ਰਾਸ਼ਟਰੀ ਪੱਧਰ ’ਤੇ ਚੀਨ ਵਿੱਚ ਸਿਰਫ਼ 40 ਫ਼ੀਸਦੀ ਚੀਨੀ ਲੋਕ ਮੈਂਡਰਿਨ ਰਾਸ਼ਟਰੀ ਉੱਪ ਭਾਸ਼ਾ ਬੋਲ ਸਕਦੇ ਹਨ। ਮੈਂਡਰਿਨ ਨੂੰ ਚੀਨ ਦੀ ਅਧਿਕਾਰਤ ਭਾਸ਼ਾ ਦੇ ਰੂਪ ’ਚ ਧੱਕੇ ਜਾਣ ਤੋਂ ਇੱਕ ਸਦੀ ਤੋਂ ਵੱਧ ਸਮੇਂ ਬਾਅਦ ਲੱਗਭਗ ਇੱਕ ਤਿਹਾਈ ਆਬਾਦੀ ਅਜੇ ਵੀ ‘ਪੁਤੋਂਗੂਆ’ ਜਾਂ ਆਮ ਭਾਸ਼ਾ ਨਹੀਂ ਬੋਲਦੀ। ਇਸੇ ਕਾਰਨ ਸੀ ਜਿਨਪਿੰਗ ਦੀ ਸਰਕਾਰ ਚਿੰਤਾ ’ਚ ਹੈ।

ਚੀਨੀ ਅਧਿਕਾਰੀ ਲੰਬੇ ਸਮੇਂ ਤੋਂ ਉਸ ਚੀਜ਼ ਦੀ ਇੱਛਾ ਰੱਖਦੇ ਹਨ, ਜਿਸ ਨੂੰ ਉਹ ‘ਭਾਸ਼ਾਈ ਏਕਤਾ’ ਕਹਿੰਦੇ ਹਨ। ‘ਦ.ਐੱਚ.ਕੇ. ਪੋਸਟ’ ਰਿਪੋਰਟ ਅਨੁਸਾਰ ਸਦੀਆਂ ਤੋਂ ਜੰਗੀ ਰਾਜਾਂ ਅਤੇ ਮੁੱਖ ਭੂਮੀ ’ਤੇ ਅਸਥਿਤੀ ਤੋਂ ਬਾਅਦ ਆਧੁਨਿਕ ਚੀਨੀ ਅਧਿਕਾਰੀ ਇੱਕ ਸਥਿਰ, ਮਜ਼ਬੂਤ ਅਤੇ ਅਭਿ-ਭਾਜਿਤ ਚੀਨ ਨੂੰ ਪ੍ਰਾਪਤ ਕਰਨ ਲਈ ਆਮ ਭਾਸ਼ਾ ਦੀ ਇੱਕ ਵਿਧੀ ਦੇ ਰੂਪ ਵਿੱਚ ਦੇਖਦੇ ਹਨ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਸਰਕਾਰ ਨੇ ਬਹੁਤ ਪਹਿਲਾਂ 2000 ਵਿੱਚ ਕਾਨੂੰਨ ਦੀ ਸਥਾਪਨਾ ਕੀਤੀ ਸੀ, ਜਿਸ ’ਚ ਮਦਰਾਇਨ ਨੂੰ ਸਾਰੇ ਪ੍ਰਮੁੱਖ ਮੀਡੀਆ ’ਚੋਂ ਅਧਿਕਾਰਤ ਭਾਸ਼ਾ ਹੋਣ ਅਤੇ ਸਰਕਾਰਾਂ ਦੇ ਲਈ ‘ਪੁਟੋਂਗੁਆ ਨੂੰ ਲੋਕਪ੍ਰਿਯ ਬਣਾਉਣ’ ਲਈ ਲਾਜ਼ਮੀ ਕੀਤਾ ਗਿਆ ਸੀ।



# ਦੇਸੀ ਮਹੀਨਿਆਂ ਨਾਲ ਜੁੜੇ ਥਿਤ-ਤਿਉਹਾਰ

**ਈਸਵੀ ਸੰਨ ਸੂਰਜ ਦੁਆਲੇ ਧਰਤੀ ਦੀ ਗਤੀ 'ਤੇ ਅਧਾਰਿਤ ਹੈ। ਹਰ ਦੇਸੀ ਮਹੀਨੇ 'ਚ ਚਾਨਣਾ ਤੇ ਹਨੇਰਾ, ਦੋ ਪੱਖ ਹੁੰਦੇ ਹਨ। ਚਾਨਣੇ ਪੱਖ ਨੂੰ ਸੁਦੀ ਜਾਂ ਸ਼ੁਕਲ ਪੱਖ ਤੇ ਹਨੇਰੇ ਪੱਖ ਨੂੰ ਵਦੀ ਜਾਂ ਕ੍ਰਿਸ਼ਨ ਪੱਖ ਕਿਹਾ ਜਾਂਦਾ ਹੈ...**

**ਸੰਨ 2018 ਵਿਚ ਜੇਠ ਅਤੇ ਸਾਵਣ ਦੇ ਮਹੀਨੇ, 32 ਦਿਨਾਂ ਦੇ ਸਨ ਅਤੇ ਸਾਲ 2019 ਵਿਚ ਸਾਵਣ ਦਾ ਮਹੀਨਾ 32 ਦਿਨਾਂ ਦਾ ਹੈ। ਸਾਲ ਦਾ ਹਿਸਾਬ ਠੀਕ ਰੱਖਣ ਵਾਸਤੇ ਲਗਪਗ ਹਰ ਤਿੰਨ ਚੰਦ੍ਰਮੀ ਸਾਲਾਂ ਬਾਅਦ (19 ਸਾਲਾਂ ਵਿਚ 7 ਵਾਰ) ਇਕ ਮਹੀਨਾ ਵਧਾਇਆ ਜਾਂਦਾ ਹੈ...**

### ਬਾਰਾਂ ਮਾਹ

1. ਚੇਤ (ਚੇਤਰ)
2. ਵਿਸਾਖ
3. ਜੇਠ
4. ਹਾੜ
5. ਸਾਉਣ
6. ਭਾਦੋਂ
7. ਅੱਸੂ
8. ਕੱਤਾ (ਕੱਤਕ)
9. ਮੱਘਰ
10. ਪੋਹ
11. ਮਾਘ
12. ਫੱਗਣ



ਜਦ ਬੱਦਲ ਹੋ ਰਹੇ ਹੁੰਦੇ ਪਰ ਹਾਲੇ ਮੀਂਹ ਸ਼ੁਰੂ ਨਾ ਹੋਇਆ ਹੁੰਦਾ ਤਾਂ ਬੱਚੇ ਵਿਹੜੇ ਵਿਚ ਖੜ੍ਹ ਕੇ ਜਾਂ ਘਰ ਦੀ ਛੱਤ 'ਤੇ ਚੜ੍ਹ ਕੇ ਉੱ"11 ˘"1 ਗਾਉਂਦੇ : ਰੱਬਾ ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ। ਰੱਬਾ ਰੱਬਾ ਮੀਂਹ ਵਸਾ, ਸਭ ਦੀ ਕੋਠੀ ਦਾਣੇ ਪਾ। ਜਾਂ ਫਿਰ ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਰਸਾ ਦੇ ਜ਼ੋਰੋ-ਜ਼ੋਰ। ਤੇ ਜਦ ਮੀਂਹ ਪੈਣ ਲੱਗ ਜਾਂਦਾ ਤਾਂ ਅਸੀਂ ਮੀਂਹ ਵਿਚ ਅਠਖੇਲੀਆਂ ਕਰਦੇ ਅਤੇ ਜੀਅ
ਭਰ ਕੇ ਨਹਾਉਂਦੇ। ਸਾਉਣ ਦੀ ਰੁੱਤ ਖੀਰਪੂੜਿਆਂ ਅਤੇ ਗੁਲਗਲਿਆਂ ਆਦਿ ਦੀ ਵੀ ਰੁੱਤ ਹੁੰਦੀ ਹੈ। ਸਾਵਣ ਖੀਰ ਨਾ ਖਾਧੀਆਂ, ਕਿਉਂ ਜੰਮਿਆਂ ਅਪਰਾਧੀਆ- ਪੰਜਾਬੀ ਦੀ ਇਕ ਹਰਮਨ ਪਿਆਰੀ ਕਹਾਵਤ ਹੈ। ਭਾਦੋਂ ਦਾ ਮਹੀਨਾ ਬਹੁਤ ਹੁੰਮਸ
ਅਤੇ ਕਰਸਾਹ ਵਾਲਾ ਮਹੀਨਾ ਹੁੰਦਾ ਹੈ। ਮੌਸਮ ਇੰਨਾ ਨਾਖੁਸ਼ਗਵਾਰ ਹੁੰਦਾ ਹੈ ਕਿ



ਲੋਕ ਕਹਿੰਦੇ ਹਨ । ਭਾਦੋਂ ਦੀ ਗਰਮੀ ਦੇ ਸਤਾਏ ਜੱਟ ਸਾਧ ਹੋ ਜਾਂਦੇ ਹਨ। ਔਰਤਾਂ ਕਹਿੰਦੀਆਂ ਹਨ। ਭਾਦੋਂ ਦੀ ਤਿੜਕੀ ਅਤੇ ਸੱਸ ਦੀ ਝਿੜਕੀ ਮੁਸ਼ਕਲ ਨਾਲ ਹੀ ਠੀਕ ਆਉਂਦੀ ਹੈ। ਪੁਰਾਣੇ ਸਮੇਂ ਵਿਚ ਲੜਕੀਆਂ ਦੇ ਵਿਆਹ ਛੋਟੀ ਉਮਰ ਵਿਚ ਹੀ ਕਰ ਦਿੱਤੇ ਜਾਂਦੇ ਸਨ ਤੇ ਮੁਕਲਾਵੇ ਲੜਕੀਆਂ ਦੇ ਜਵਾਨ ਹੋਣ 'ਤੇ ਹੀ ਦਿੱਤੇ ਜਾਂਦੇ ਸਨ। ਇਹ ਮੁਕਲਾਵੇ ਤੀਆਂ ਦਾ ਮਹੀਨਾ ਲੰਘਣ ਤੋਂ ਬਾਅਦ, ਭਾਦੋਂ ਵਿਚ ਹੀ ਦਿੱਤੇ ਜਾਂਦੇ ਸਨ। ਇਸ ਕਾਰਨ ਕੁੜੀਆਂ ਗਾਉਂਦੀਆਂ ਸਨ। ਤੀਆਂ ਤੀਜ ਦੀਆਂ, ਭਾਦੋਂ ਦੇ ਮੁਕਲਾਵੇ ਅਤੇ ਸੌਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।
ਭੈਣਾਂ-ਭਰਾਵਾਂ ਦੇ ਪਿਆਰ ਦਾ ਪ੍ਰਤੀਕ ਪਵਿੱਤਰ ਤਿਉਹਾਰ ਰੱਖੜੀ ਜਾਂ ਰਕਸ਼ਾ ਬੰਧਨ, ਜਿਸ ਨੂੰ ਰੱਖੜ ਪੁੰਨਿਆ ਵੀ ਕਿਹਾ ਜਾਂਦਾ ਹੈ ਅਤੇ ਜਿਸ ਨੂੰ ਪੁਰਾਣੇ ਲੋਕ ਸੜੁੱਨੋ ਕਹਿੰਦੇ ਸਨ, ਭਾਦੋਂ ਦੀ ਪੂਰਨਮਾਸ਼ੀ ਵਾਲੇ ਦਿਨ ਆਉਂਦਾ ਹੈ। ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਵੀ ਇਸ ਮਹੀਨੇ ਹੀ ਆਉਂਦਾ ਹੈ। ਜਨਮ ਅਸ਼ਟਮੀ ਤੋਂ ਅਗਲੇ ਦਿਨ ਗੁੱਗਾ ਨੌਵੀਂ ਹੁੰਦੀ ਹੈ। ਇਸ ਦਿਨ ਸਰਪ-ਪੂਜਣ ਕੀਤਾ ਜਾਂਦਾ ਹੈ। ਜਿੱਥੇ ਗੁੱਗਾ-ਮਾੜੀ ਦਾ ਮੰਦਰ ਬਣਿਆ ਹੁੰਦਾ ਹੈ ਉੱਥੇ ਮੰਦਰ ਵਿਚ ਅਤੇ ਬਾਕੀ ਥਾਵਾਂ 'ਤੇ ਬਾਹਰ ਜਿੱਥੇ ਕਿਤੇ ਜਮਾਂਦਾਰਨੀਆਂ ਝਾੜੀਆਂ ਜਿਹੀਆਂ ਲੈ ਕੇ ਬੈਠੀਆਂ ਹੁੰਦੀਆਂ ਹਨ, ਉੱਥੇ ਸ਼ੱਕਰ ਵਾਲੀਆਂ ਸੇਵੀਆਂ ਅਤੇ ਕੱਚੀ ਲੱਸੀ ਨਾਲ ਮੱਥਾ ਟੇਕਿਆ ਜਾਂਦਾ ਹੈ। ਕੁਝ ਔਰਤਾਂ ਕੱਚੀਆਂ ਸੇਵੀਆਂ ਅਤੇ ਗੁੰਨੇ ਆਟੇ ਦੇ ਸਪੋਲੀਏ ਜਿਹੇ ਬਣਾ ਕੇ ਵੀ ਨਾਲ ਲੈ ਜਾਂਦੀਆਂ ਹਨ। ਸੇਵੀਆਂ ਆਦਿ ਜਮਾਂਦਾਰਨੀਆਂ ਦਿਆਂ ਭਾਂਡਿਆਂ ਵਿਚ ਪਾ ਦਿੱਤੀਆਂ ਜਾਂਦੀਆਂ ਹਨ ਤੇ ਬਚਦੀ ਕੱਚੀ ਲੱਸੀ ਦਾ ਇਹ ਕਹਿੰਦੇ ਹੋਏ ਘਰ ਵਿਚ ਛਿੱਟਾ ਦਿੱਤਾ ਜਾਂਦਾ, ਬਾਬਾ (ਸੱਪ ਬਾਬਾ), ਮਿਹਰ ਰੱਖੀਂ, ਦਿਖਾਈ ਨਾ ਦੇਈਂ। ਮੌਸਮ ਦੀ ਅਨਿਸ਼ਚਤਤਾ ਕਾਰਨ ਆਮ ਤੌਰ 'ਤੇ ਸੌਣ-ਭਾਦੋਂ ਵਿਚ ਵਿਆਹ ਨਹੀਂ ਰੱਖੇ ਜਾਂਦੇ ਸਨ। ਅੱਸੂ ਮਹੀਨੇ ਵਿਚ ਠੰਢ ਉਤਰਨੀ ਸ਼ੁਰੂ ਹੋ ਜਾਂਦੀ ਹੈ। ਦਿਨ ਦੀ ਗਰਮੀ ਕਾਫੀ ਘਟ ਜਾਂਦੀ ਹੈ ਅਤੇ ਰਾਤਾਂ ਨੂੰ ਕਦੀ- ਕਦੀ ਠੰਢ ਵੀ ਲੱਗਦੀ ਹੈ। ਇਸੇ ਕਾਰਨ ਕਿਹਾ ਜਾਂਦਾ ਹੈ : ਅੱਸੂ ਮਾਹ ਨਿਰਾਲਾ, ਦਿਨੇਂ ਗਰਮੀ ਰਾਤੀਂ ਪਾਲਾ। ਇਸ ਮਹੀਨੇ ਦੁਰਗਾ ਮਾਤਾ ਦੇ ਦੂਜੇ ਨਰਾਤੇ ਆਉਂਦੇ ਹਨ ਅਤੇ ਬਦੀ ਉੱਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਤਿਉਹਾਰ ਦੁਸਹਿਰਾ ਮਨਾਇਆ ਜਾਂਦਾ ਹੈ। ਦੁਸਹਿਰੇ ਤੋਂ ਪਹਿਲਾਂ ਮੰਡੀਆਂ ਅਤੇ ਸ਼ਹਿਰਾਂ ਵਿਚ ਰਾਮ-ਲੀਲ੍ਹਾ ਦੀਆਂ ਰੌਣਕਾਂ ਸ਼ੁਰੂ ਹੋ ਜਾਂਦੀਆਂ ਹਨ ਤੇ ਤਿਉਹਾਰਾਂ ਦਾ ਮਾਹੌਲ ਸ਼ੁਰੂ ਹੋ ਜਾਂਦਾ ਹੈ। ਕੱਤਕ ਮਹੀਨਾ ਸਭ ਤੋਂ ਵੱਧ ਤਿਉਹਾਰਾਂ ਵਾਲਾ ਮਹੀਨਾ ਹੁੰਦਾ ਹੈ। ਇਸ ਮਹੀਨੇ ਔਰਤਾਂ ਲਈ ਕਰਵਾ ਚੌਥ ਅਤੇ ਝੱਕਰੀ ਦੇ ਵਰਤ ਆਉਂਦੇ ਹਨ। ਇਸ ਮਹੀਨੇ ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀ ਦਾ ਜਨਮ ਦਿਨ ਆਉਂਦਾ ਹੈ ਤੇ ਸ਼ਾਮ ਸਮੇਂ ਛੋਟੇ-ਛੋਟੇ ਬੱਚੇ ਗਲੀਆਂ ਬਜ਼ਾਰਾਂ ਵਿਚ ਮਿੱਟੀ ਦੇ ਬਣੇ ਛੋਟੇ-ਛੋਟੇ ਗੜ ਬੜੇ ਲੈ ਕੇ ਘੁੰਮਦੇ ਹਨ। ਇਨ੍ਹਾਂ ਗੜ ਬੜਿਆਂ ਵਿਚ ਮੋਮਬੱਤੀਆਂ ਜਗਾ ਕੇ ਰੱਖੀਆਂ ਹੁੰਦੀਆਂ ਹਨ ਤੇ ਉਹ ਕੁਝ ਇਸ ਤਰ੍ਹਾਂ ਗਾਉਂਦੇ ਘਰ-ਘਰ ਜਾਂਦੇ ਹਨ। ਸਾਡੇ ਗੜ ਬੜੇ ਬਲਦੇ/ ਨਚਦੇ ਗਲੀ-ਗਲੀ, ਸਾਨੂੰ ਪਾ ਦਿਓ ਤੇਲ ਦੀ ਪਲੀ-ਪਲੀ। ਦੁਸਹਿਰੇ ਤੋਂ ਠੀਕ ਵੀਹ ਦਿਨ ਬਾਅਦ ਕੱਤਕ ਦੀ ਮੱਸਿਆ ਨੂੰ ਸਭ ਤੋਂ ਵੱਧ ਧੂਮ-ਧੜੱਕੇ ਵਾਲਾ ਤਿਉਹਾਰ ਦੀਵਾਲੀ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਤਿਆਰੀ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ। ਘਰਾਂ ਵਿਚ ਕਲੀ-ਕੂਚੀ ਅਤੇ ਰੰਗ-ਰੋਗਨ ਕਰਵਾਇਆ ਜਾਂਦਾ ਹੈ, ਪੂਰੀ ਸਫ਼ਾਈ ਕੀਤੀ ਜਾਂਦੀ ਹੈ ਅਤੇ ਵਿਸ਼ੇਸ਼ ਵਸਤਾਂ ਦੀ ਖ਼ਰੀਦਦਾਰੀ ਕੀਤੀ ਜਾਂਦੀ ਹੈ। ਦੀਵਾਲੀ ਵਾਲੇ ਦਿਨ ਬਜ਼ਾਰਾਂ ਦੀ ਰੌਣਕ ਦੇਖਣ ਵਾਲੀ ਹੁੰਦੀ ਹੈ। ਸਿੱਖ ਧਰਮ ਅਨੁਸਾਰ ਇਸ ਦਿਨ ਨੂੰ 'ਬੰਦੀਛੋੜ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੋ ਉਸ ਸਮੇਂ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਸਨ ਨੇ ਆਪਣੇ ਨਾਲ ਕਿਲ੍ਹੇ ਵਿਚ ਕੈਦ 52 ਰਾਜਪੂਤ ਬੰਦੀ ਰਾਜਿਆਂ ਦੀ ਵੀ ਬੰਦਖ਼ਲਾਸੀ ਕਰਵਾਈ ਸੀ। ਅੰਮ੍ਰਿਤਸਰ ਦੀ ਦੀਵਾਲੀ ਬਹੁਤ ਪ੍ਰਸਿੱਧ ਮੰਨੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ : ਦਾਲ ਰੋਟੀ ਘਰ ਦੀ, ਦੀਵਾਲੀ ਅੰਬਰਸਰ ਦੀ। ਦੀਵਾਲੀ ਤੋਂ ਅਗਲੇ ਦਿਨ ਦਸਤਕਾਰੀ, ਸ਼ਿਲਪ ਤੇ
ਕਿਰਤ ਦੇ ਦੇਵਤੇ ਬਾਬਾ ਵਿਸ਼ਵਕਰਮਾ ਦਾ ਜਨਮ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਦਸਤਕਾਰ ਅਤੇ ਕਾਰੀਗਰ ਲੋਕ ਕੰਮ ਦੀ ਛੁੱਟੀ ਕਰ ਕੇ ਆਪਣੇ ਸੰਦਾਂ ਅਤੇ ਔਜਾਰਾਂ ਦੀ ਪੂਜਾ ਕਰਦੇ ਹਨ। ਇਸ ਤੋਂ ਅਗਲੇ ਦਿਨ 'ਟਿੱਕਾ ਭਾਈ ਦੂਜ' ਮਨਾਈ ਜਾਂਦੀ ਹੈ ਅਤੇ ਭੈਣਾਂ ਆਪਣੇ ਭਰਾਵਾਂ ਦੇ ਮੱਥੇ 'ਤੇ ਟਿੱਕੇ ਲਾ ਕੇ ਉਨ੍ਹਾਂ ਦੀ ਸੁੱਖ ਮੰਗਦੀਆਂ ਹਨ ਅਤੇ ਉਨ੍ਹਾਂ ਤੋਂ ਸ਼ਗਨ ਪ੍ਰਾਪਤ ਕਰਦੀਆਂ ਹਨ। ਕੱਤਕ ਮਹੀਨੇ ਸਵੇਰੇ-ਸਵੇਰੇ ਉੱਠ ਕੇ ਇਸ਼ਨਾਨ ਕਰਨ ਨੂੰ ਬਹੁਤ ਸ਼ੁਭ ਮੰਨਿਆ ਜਾਂਦਾ ਹੈ ਅਤੇ ਬਹੁਤ ਸਾਰੀਆਂ ਹਿੰਦੂ ਔਰਤਾਂ ਕੱਤਾ ਨਹਾਉਂਦੀਆਂ ਹਨ ਅਤੇ ਪੂਰੇ ਮਹੀਨੇ ਲਈ ਪੰਡਿਤ ਪਾਸੋਂ ਕੱਤੇ ਦੀ ਕਥਾ ਸੁਣਦੀਆਂ ਹਨ। ਕੱਤਕ ਦੀ ਪੂਰਨਮਾਸ਼ੀ ਸਿੱਖ ਭਾਈਚਾਰੇ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿਉਂਕਿ ਇਸ ਦਿਨ ਸਿੱਖ ਧਰਮ ਦੇ ਮੋਢੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਅੱਸੂ, ਕੱਤਕ ਅਤੇ ਮੱਘਰ ਵਿਆਹ-ਸ਼ਾਦੀਆਂ ਦੀ ਰੁੱਤ ਵੀ ਹੁੰਦੀ ਹੈ। ਇਕ ਵਾਰ ਬਹੁਤ ਸਮਾਂ ਪਹਿਲਾਂ ਕੱਤੇ ਦੇ ਮਹੀਨੇ ਵਿਚ ਪਲੇਗ ਦੀ ਬਿਮਾਰੀ ਵੀ ਫੈਲੀ ਸੀ ਜਿਸ ਨਾਲ ਪੰਜਾਬ
ਵਿਚ ਭਾਰੀ ਜਾਨੀ ਨੁਕਸਾਨ ਹੋਇਆ ਸੀ। ਆਮ ਲੋਕ ਇਸ ਨੂੰ ਪਲੇਗ ਦੀ ਬਿਮਾਰੀ ਦੇ ਨਾਲ-ਨਾਲ ਕੱਤੇ ਦੀ ਬਿਮਾਰੀ ਵੀ ਕਹਿੰਦੇ ਹਨ। ਮੱਘਰ ਮਹੀਨੇ ਵਿਚ ਠੰਢ ਹੋਰ ਜ਼ੋਰ ਫੜਨ ਲਗਦੀ ਹੈ ਅਤੇ ਗਰਮ ਕੱਪੜਿਆਂ ਦੀ ਲੋੜ ਮਹਿਸੂਸ ਹੁੰਦੀ ਹੈ। ਪੋਹ ਮਹੀਨਾ ਕੜਾਕੇ ਦੀ ਠੰਢ ਦਾ ਮਹੀਨਾ ਹੁੰਦਾ ਹੈ ਤੇ ਇਹ ਠੰਢ ਮਾਘ ਦੇ ਮਹੀਨੇ ਤਕ ਕਾਇਮ ਰਹਿੰਦੀ ਹੈ। ਜੇ ਸੂਰਜ ਨਿਕਲਿਆ ਹੋਵੇ ਫਿਰ ਤਾਂ ਦਿਨ ਸੌਖਾ ਨਿਕਲ ਜਾਂਦਾ ਹੈ, ਨਹੀਂ ਤਾਂ ਲੋਕ ਦਿਨੇ ਵੀ ਠੁਰ-ਠੁਰ ਕਰਦੇ ਫਿਰਦੇ ਹਨ। ਪਹਿਲੇ ਸਮਿਆਂ ਵਿਚ ਹੁਣ ਵਰਗੇ ਗਰਮ ਕੱਪੜੇ ਤੇ ਘਰਾਂ ਨੂੰ ਨਿੱਘੇ ਰੱਖਣ ਦੀਆਂ ਸਹੂਲਤਾਂ ਤਾਂ ਹੁੰਦੀਆਂ ਨਹੀਂ ਸਨ, ਸੋ ਆਮ ਲੋਕ ਜਾਂ ਤਾਂ ਖੇਸਾਂ-ਖੇਸੀਆਂ ਦੀਆਂ ਬੁੱਕਲਾਂ ਦੇ ਝੁੰਬੜਬਾਟੇ ਮਾਰਕੇ ਪਾਲੇ ਤੋਂ ਆਪਣਾ ਬਚਾਅ ਕਰਦੇ ਜਾਂ ਫਿਰ ਕੱਠੇ ਹੋ ਕੇ ਧੂਣੀਆਂ ਬਾਲ ਲੈਂਦੇ। ਘਰਾਂ ਵਿਚ ਚੁੱਲਿਆਂ ਮੂਹਰੇ ਬੈਠ ਕੇ ਅੱਗ ਸੇਕਣ ਦਾ ਆਮ ਰਿਵਾਜ ਹੁੰਦਾ ਸੀ। ਖੇਤਗਾਰਾਂ ਨੂੰ ਅਜਿਹੀ ਕੜਾਕੇ ਦੀ ਠੰਢ ਵਿਚ ਵੀ ਸਦੇਹਾਂ ਉੱਠ ਕੇ ਪਾਣੀ ਆਦਿ ਲਾਉਣ ਲਈ ਆਪਣੇ ਖੇਤਾਂ ਵਿਚ ਜਾਣਾ ਪੈਂਦਾ ਸੀ।





# ਓਮੀਕਰੋਨ: ਕੋਰੋਨਾਵਾਇਰਸ ਦਾ ਇਹ ਨਵਾਂ ਵੇਰੀਐਂਟ ਕਿੱਥੋਂ ਆਇਆ ਸੀ, ਇਹ ਜਾਨਣਾ ਇਸ ਲਈ ਹੈ ਜ਼ਰੂਰੀ

ਵਿਅਕਤੀਆਂ ਦੀ ਨਿਗਰਾਨੀ ਕਰਨਾ ਜ਼ਰੂਰੀ ਹੋ ਜਾਵੇਗਾ।

ਸਿਆਟਲ ਵਿੱਚ ਯੂਐੱਸ ਆਧਾਰਿਤ ਫਰੈਡ ਹਟਚਿਨਸਨ ਕੈਂਸਰ ਰਿਸਰਚ ਸੈਂਟਰ ਵਿੱਚ ਵਾਇਰੋਲੌਜਿਸਟ ਡਾ. ਲੈਰੀ ਕੋਰੇ ਦਾ ਕਹਿਣਾ ਹੈ, ÷ਸਾਡੇ ਕੋਲ ਹੁਣ ਹੋਰ ਡਾਟਾ ਹੈ ਜੋ ਕਿ ਕੋਵਿਡ ਦੀ ਗੰਭੀਰ ਲਾਗ ਵਾਲੇ ਪੁਰਾਣੇ ਰੂਪਾਂ ਅਤੇ ਇਮਿਊਨ-ਕੰਪਰੋਮਾਈਜ਼ਡ ਲੋਕਾਂ ਵਿਚਕਾਰ ਸਬੰਧ ਬਾਰੇ ਦੱਸਦਾ ਹੈ।÷

÷ਪਰ ਇਹ ਲੋਕ ਅਜੇ ਕੋਵਿਡ ਤੋਂ ਬਚਾਅ ਲਈ ਰਣਨੀਤੀਆਂ @ਚ ਮਹੱਤਵਪੂਰਨ ਘਟਕਾਂ ਵਜੋਂ ਪੈਦਾ ਨਹੀਂ ਹੋਏ।÷

ਪਰ ਇਹ ਕਿਸੇ ਇੱਕ ਹੀ ਵਿਅਕਤੀ ਵਿੱਚ ਕਿਵੇਂ ਵਿਕਸਿਤ ਹੋ ਸਕਦਾ ਹੈ?

ਵਿਗਿਆਨੀਆਂ ਦਾ ਕਹਿਣਾ ਹੈ ਕਿ ਓਮੀਕਰੋਨ ਬਾਰੇ ÷ਸਿੱਖਿਅਤ ਅੰਦਾਜ਼ੇ÷ ਲਗਾਉਣ ਲਈ ਉਨ੍ਹਾਂ ਕੋਲ ਕਈ ਸੁਰਾਗ ਮੌਜੂਦ ਹਨ। ਡਾ. ਲੇਸੈੱਲ ਮੁਤਾਬਕ ਓਮੀਕਰੋਨ ਮੌਜੂਦਾ ਵੇਰੀਐਂਟ ਨਾਲੋਂ ਕਾਫੀ ਵੱਖ ਹੈ।

÷ਜੈਨੇਟਿਕ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਇਹ ਫੈਮਿਲੀ ਟ੍ਰੀ ਦੀ ਬਿਲਕੁਲ ਵੱਖਰੀ ਸ਼ਾਖਾ @ਤੇ ਹੈ।÷

ਵਧੇਰੇ ਮਹੱਤਵਪੂਰਨ ਇਹ, ਓਮਿਕਰੋਨ ਦੇ ਵੰਸ਼ ਵਿੱਚ ਹਾਲ ਹੀ ਦੇ ਵਿਚਕਾਰਲੇ ਮਿਊਟੇਸ਼ਨ ਦੇ ਟਰੈਕ ਦੇ ਰਿਕਾਰਡ ਦੀ ਘਾਟ ਹੈ।

ਲੇਸੈੱਸਲ ਮੁਤਾਬਕ, ਨੇੜਲਾ ਰੂਪ 2020 ਤੋਂ ਮੱਧ ਤੋਂ ਹੈ।

ਯੂਨੀਵਰਸਿਟੀ ਕਾਲਜ ਲੰਡਨ ਕੰਪਿਊਟੇਸ਼ਨਲ ਬਾਇਓਲੋਜੀ ਸਿਸਟਮ ਦੇ ਪ੍ਰੋਫੈਸਰ ਫਰਾਂਸਵਾ ਬੋਲੂਕਸ ਦਾ ਕਹਿਣਾ ਹੈ ਕਿ ਇਹ ਵਕਫ਼ਾ ਸੁਝਾਉਂਦਾ ਹੈ ਕਿ ਵੱਡੇ ਮਿਊਟੇਸ਼ਨ ਵਾਲਾ ਓਮੀਕਰੋਨ ÷ਰਡਾਰ ਹੇਠਾਂ÷ ਵਿਕਸਿਤ ਹੋਇਆ ਹੈ।

ਓਮੀਕਰੋਨ ਦੇ ਵਿਸ਼ਲੇਸ਼ਣ ਨੇ ਪਤਾ ਲਗਾਇਆ ਹੈ ਕਿ ਨਵੀਂ ਸਟ੍ਰੇਨ ਵਿੱਚ 50 ਮਿਊਟੇਸ਼ਨ ਹਨ ਅਤੇ ਉਨ੍ਹਾਂ ਵਿੱਚੋਂ 30 ਤੋਂ ਵੱਧ ਸਪਾਈਕ ਪ੍ਰੋਟੀਨ ਵਿੱਚ ਆਏ, ਵਾਇਰਸ ਦਾ ਇੱਕ ਹਿੱਸਾ ਜੋ ਇਹ ਦਰਸਾਉਂਦਾ ਹੈ ਕਿ ਇਹ ਸਰੀਰ ਦੀ ਪ੍ਰਤੀਰੱਖਿਆ ਨਾਲ ਕਿਵੇਂ ਪੇਸ਼ ਆਉਂਦਾ ਹੈ।

ਡੇਲਟਾ ਵੇਰੀਐਂਟ ਵਿੱਚ ਇਸ ਦੀ ਤੁਲਨਾ ਵਿੱਚ 7 ਸਪਾਇਕ ਮਿਊਟੇਸ਼ਨ ਸਨ। ਤਾਂ ਇਹ ਨਵਾਂ ਵੇਰੀਐਂਟ ਆਪਣੇ ਪੁਰਾਣੇ ਵੇਰੀਐਂਟਾਂ ਨਾਲੋਂ ਵੱਖਰਾ ਕਿਵੇਂ ਹੈ, ਜੋ ਸਾਡੇ ਧਿਆਨ ਵਿੱਚ ਨਹੀਂ ਆਇਆ?

ਜ਼ਿਆਦਾਤਰ ਲੋਕ ਘੱਟ ਸਮੇਂ ਵਿੱਚ ਹੀ ਆਪਣੇ ਸਰੀਰ ਤੋਂ Sars-Cov-B ਦਾ ਸਫਾਇਆ ਕਰ ਦਿੰਦੇ ਹਨ।

ਦੁਨੀਆਂ ਵਿੱਚ ਹੋਏ ਅਧਿਐਨਾਂ ਮੁਤਾਬਕ ਕਮਜ਼ੋਰ ਇਮਿਊਨ ਸਿਸਟਮ ਵਾਲੇ ਵਿਅਕਤੀਆਂ ਵਿੱਚ ਇਹ ਵੱਧ ਸਮੇਂ ਤੱਕ ਰਹਿੰਦਾ ਹੈ।

ਮਿਸਾਲ ਵਜੋਂ, ਜਿਹੜੇ ਐੱਚਆਈਵੀ ਜਾਂ ਕੈਂਸਰ ਵਰਗੇ ਰੋਗਾਂ ਦੇ ਮਰੀਜ਼ ਹੋਣ ਜਾਂ ਜਿਨ੍ਹਾਂ ਦੇ ਅੰਗਾਂ ਦਾ ਟਰਾਂਸਪਲਾਂਟ ਹੋਇਆ ਹੋਵੇ।

ਆਪਣੇ ਮੇਜ਼ਬਾਨ ਤੋਂ ਘੱਟ ਵਿਰੋਧ ਦੇ ਨਾਲ, ਵਾਇਰਸ ਕੋਲ ਬਹੁਤ ਸਾਰੇ ਮਿਊਟੇਸ਼ਨ ਹਾਸਿਲ ਕਰਨ ਦਾ ਮੌਕਾ ਹੁੰਦਾ ਹੈ।

ਦਸੰਬਰ 2020, ਵਿੱਚ ਕੈਂਬਰਿਜ ਯੂਨੀਵਰਸਿਟੀ ਦੇ ਖੋਜਕਾਰਾਂ ਨੇ ਉਸ ਵੇਲੇ ਚਿਤਾਵਨੀ ਜਾਰੀ ਕਰ ਦਿੱਤੀ ਸੀ ਜਦੋਂ ਉਨ੍ਹਾਂ ਨੇ ਇੱਕ ਕੈਂਸਰ ਵਾਲੇ ਮਰੀਜ਼ ਦਾ ਸੈਂਪਲ ਲਿਆ ਸੀ, ਜਿਸ ਦੀ ਅਗਸਤ ਵਿੱਚ ਕੋਵਿਡ-19 ਕਰਕੇ ਮੌਤ ਹੋ ਗਈ ਸੀ।

ਇਸ ਵਿੱਚ ਅਲਫਾ ਵੇਰੀਐਂਟ ਵਿੱਚ ਦੇਖੇ ਗਏ ਮਹੱਤਵਪੂਰਨ ਮਿਊਟੇਸ਼ਨ ਨੂੰ ਦਰਸਾਇਆ, ਜੋ ਵਿਸ਼ਵ ਸਿਹਤ ਸੰਗਠਨ ਵੱਲੋਂ ÷ਪਹਿਲੀ ਚਿੰਤਾ÷ ਦਾ ਕਾਰਨ ਬਣਿਆ ਅਤੇ ਸ਼ੁਰੂਆਤੀ ਤੌਰ @ਤੇ ਇਸ ਨੂੰ ਇਸੇ ਦੇਸ਼ ਵਿੱਚ ਰਿਪੋਰਟ ਕੀਤਾ ਗਿਆ।

ਸ਼ੁਰੂਆਤੀ ਇਲਾਜ ਦੇ 101 ਦਿਨਾਂ ਬਾਅਦ ਮਰੀਜ਼ ਦੀ ਮੌਤ ਹੋ ਗਈ।

ਕੈਂਬਰਿਜ ਇੰਸਟੀਚਿਊਟ ਆਫ ਥੈਰਾਪਿਓਟਿਕ ਅਤੇ ਇਨਫੈਕਸ਼ੀਅਸ ਡਿਸੀਜ਼ਸ ਦੇ ਪ੍ਰੋਫੈਸਰ ਰਵੀ ਗੁਪਤਾ ਦਾ ਕਹਿਣਾ ਹੈ, ÷ਇੱਕ ਆਮ ਕੋਰੋਨਾਵਾਇਰਸ ਦੀ ਲਾਗ ਕੇਵਲ 7 ਦਿਨਾਂ ਤੱਕ ਰਹਿੰਦੀ ਹੈ ਅਤੇ ਇਹ ਵਾਇਰਸ ਅਨੁਕੂਲ ਹੋਣ @ਤੇ ਵਿਕਸਿਤ ਹੋਣ ਲਈ ਲੋੜੀਂਦਾ ਸਮਾਂ ਨਹੀਂ ਹੈ ਕਿਉਂਕਿ ਇਮਿਊਨ ਸਿਸਟਮ ਇਸ ਨਾਲ ਲੜ ਰਿਹਾ ਹੈ।÷

ਪ੍ਰੋਫੈਸਰ ਗੁਪਤਾ ਦੱਸਦੇ ਹਨ ਕਿ ਕਮਜ਼ੋਰ ਇਮਿਊਨ ਸਿਸਟਮ ਵੱਲੋਂ ਸਮਰਥਨ ਹਾਸਿਲ ਪੁਰਾਣਾ ਲਾਗ ਵਾਇਰਸ ਨੂੰ ਵਧੇਰੇ ਕੁਸ਼ਲਤਾ ਦਿੰਦਾ ਹੈ।

ਉਹ ਕਹਿੰਦੇ ਹਨ, ÷ਵਾਇਰਸ ਨੂੰ ਵਧਣ-ਫੁਲਣ ਲਈ ਖ਼ਰਾਬ ਜਾਂ ਆਂਸ਼ਿਕ ਤੌਰ @ਤੇ ਖਰਾਬ ਇਮਿਊਨ ਸਿਸਟਮ ਚਾਹੀਦਾ ਹੈ।÷

ਪਿਛਲੇ ਜੂਨ ਵਿੱਚ ਡਾ. ਲੇਸੈੱਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਦੱਖਣੀ ਅਫਰੀਕਾ ਵਿੱਚੋਂ ਲਾਇਲਾਜ ਬਿਮਾਰੀ ਐੱਚਆਈਵੀ ਨਾਲ ਪੀੜਤ ਔਰਤ ਤੋਂ ਲਏ ਗਏ ਕੋਰੋਨਾਵਾਇਰਸ ਸੈਂਪਲਾਂ ਦੇ ਅਧਿਐਨਾਂ ਦੇ ਨਤੀਜੇ ਐਲਾਨੇ ਸਨ।

ਸੈਂਪਲ ਦੇ ਦੁਹਰਾਏ ਗਏ ਜੈਨੇਟਿਕ ਵਿਸ਼ਲੇਸ਼ਣ ਵਿੱਚ ਉਨ੍ਹਾਂ ਨੇ ਵਾਇਰਸ ਦੇ ਵਿਕਾਸ ਵਿੱਚ ÷ਮਹੱਤਵਪੂਰਨ ਬਦਲਾਅ ਦਾ ਕਦਮ÷ ਦੇਖਿਆ।

ਖੋਜਕਾਰਾਂ ਨੇ ਚਿਤਾਵਨੀ ਦਿੱਤੀ ਕਿ ਇਹ ਪਬਲਿਕ ਹੈਲਥ ਸੰਕਟ ਦੇ ਸ਼ੁਰੂਆਤ ਦੀ ਅਗਵਾਈ ਕਰ ਸਕਦਾ ਹੈ, ਇੱਕ ਦਸੰਬਰ ਨੂੰ ਸਾਇੰਟੀਫਿਕ ਜਰਨਲ ਨੇਚਰ ਵਿੱਚ ਛਪੇ ਇੱਕ ਆਰਟੀਕਲ ਵਿੱਚ ਲੇਸੈੱਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਅੰਦਾਜ਼ਾ ਲਗਾਇਆ ਕਿ ਉੱਪ ਸਹਾਰਾ ਅਫਰੀਕਾ ਵਿੱਚ ਕਰੀਬ ਅੱਠ ਕਰੋੜ ਐੱਚਆਈਵੀ ਪੀੜਤ, ਮੌਜੂਦਾ ਦੌਰ @ਚ ਅਸਰਦਾਰ ਐਂਟੀਰੇਟ੍ਰੋਵਾਇਰਲ ਥੈਰੇਪੀ ਨਹੀਂ ਲੈ ਰਹੇ ਹਨ।

ਇਸ ਵਿੱਚ ਵੱਡੀ ਗਿਣਤੀ ਵਿੱਚ ਉਹ ਲੋਕ ਸ਼ਾਮਿਲ ਹਨ, ਜਿਨ੍ਹਾਂ ਦਾ ਇਸ ਬਿਮਾਰੀ ਲਈ ਕਦੇ ਟੈਸਟ ਨਹੀਂ ਕੀਤਾ ਗਿਆ।

ਜੇ ਡਾ. ਲੇਸੈੱਲ ਅਤੇ ਪ੍ਰੋਫੈਸਰ ਗੁਪਤਾ ਸਹੀ ਹਨ ਤਾਂ ਫਿਰ ਇਹ ਨਵੇਂ ਰੂਪਾਂ ਲਈ ਇੱਕ ਆਦਰਸ਼ ਪ੍ਰਜਨਨ ਜ਼ਮੀਨ ਨੂੰ ਦਰਸਾਉਂਦਾ ਹੈ।

ਹੋਰ ਸਿਧਾਂਤ

ਵਿਗਿਆਨੀਆਂ ਦਾ ਕਹਿਣਾ ਹੈ ਕਿ ਓਮੀਕਰੋਨ ਦੀ ਉਭਾਰ ਲਈ ਦੋ ਹੋਰ ਸੰਭਾਵੀ ਧਾਰਨਾਵਾਂ ਹਨ।

ਇਨ੍ਹਾਂ ਵਿੱਚੋਂ ਇੱਕ ਜਾਨਵਰ ਦਾ ਸਰੋਤ ਹੋ ਸਕਦਾ ਹੈ, ਮਤਲਬ ਵਾਇਰਸ ਨੇ ਕਿਸੇ ਅਣਜਾਣ ਜਾਨਵਰ ਨੂੰ ਲਾਗ ਲਾਈ ਹੋਵੇ ਅਤੇ ਮਨੁੱਖ ਵਿੱਚ ਫੈਲਣ ਤੋਂ ਪਹਿਲਾਂ ਉਸ ਵਿੱਚ ਮਿਊਟੈਂਟ ਹੋਇਆ ਹੋਵੇ।

ਵਿਸ਼ਵ ਸਿਹਤ ਸੰਗਠਨ ਦੀ ਮਾਰਚ ਵਿੱਚ ਰਿਲੀਜ਼ ਹੋਈ ਰਿਪੋਰਟ ਮੁਤਾਬਕ, ਉਸੇ ਤਰ੍ਹਾਂ ਜਿਵੇਂ ਅਸਲ Sars-CoV-B ਵਾਇਰਸ ਨੇ ਕੀਤਾ ਸੀ।

ਡਾ. ਲੈਰੀ ਕੋਰੇ ਸਮਝਾਉਂਦੇ ਹਨ ਕਿ ਹੁਣ ਤੱਕ ਦੇ ਓਮੀਕਰੋਨ ਦੇ ਜੈਨੇਟਿਕ ਵਿਸ਼ਲੇਸ਼ਣਾਂ ਤੋਂ ਪਤਾ ਲਗਦਾ ਹੈ ਕਿ ਇਹ ਮਨੁੱਖ ਵਿੱਚ ਵਿਕਸਿਤ ਹੋਇਆ ਹੈ।

ਕੋਰੇ ਮੁਤਾਬਕ, ÷ਡਾਟਾ ਦੱਸਦਾ ਹੈ ਕਿ (ਜਾਨਵਰ ਸੰਚਾਰ ਪਰਿਕਲਪਨਾ) ਸਿੱਟੇ ਦੀ ਸੰਭਾਵਨਾ ਨਹੀਂ ਹੈ।÷

ਪ੍ਰੋਫੈਸਰ ਬੋਲੈਕਸ ਅੱਗੇ ਦੱਸਦੇ ਹਨ ਕਿ ਉਨ੍ਹਾਂ ਦੀ ਟੀਮ ਨੂੰ ਇਸ ਦੇ ਜਾਨਵਰਾਂ ਵਿੱਚੋਂ ਆਉਣ ਦੇ ਕੋਈ ਵੱਡੇ ਸਬੂਤ ਨਹੀਂ ਮਿਲੇ ਹਨ।

ਓਮੀਕਰੋਨ ਦੇ ਵਿਕਸਿਤ ਹੋਣ ਦੀ ਦੂਜੀ ਪਰਿਕਲਪਨਾ ਇਹ ਹੈ ਕਿ ਇਹ ਇੱਕ ਵਿਅਕਤੀ ਦੇ ਅੰਦਰ ਨਹੀਂ ਬਲਕਿ ਅਜਿਹੇ ਇਲਾਕੇ ਵਿੱਚ ਵਿਕਸਿਤ ਹੋਇਆ ਹੈ ਜਿੱਥੋਂ ਦੀ ਆਬਾਦੀ ਦੀ ਜੈਨੇਟਿਕ ਨਿਗਰਾਨੀ ਨਹੀਂ ਹੋਈ ਹੈ।

ਜਿਵੇਂ ਇਸ ਦੇ ਦੱਖਣੀ ਅਫਰੀਕਾ ਪਹੁੰਚਣ ਤੋਂ ਪਹਿਲਾਂ ਅਫਰੀਕਾ ਦੇ ਦੇਸ਼ਾਂ ਵਿੱਚ ਹੋਇਆ ਹੋਵੇ।

ਬ੍ਰਾਜ਼ੀਲ ਦੇ ਬਾਇਓਲੌਜਿਸਟ ਅਤੇ ਆਜ਼ਾਦ ਖੋਜਕਾਰ ਡਾ. ਅਟੀਲਾ ਇਆਮਾਰੀਨੋ ਮੰਨਦੇ ਹਨ ਕਿ ਇਹ ਓਮੀਕਰੋਨ ਦੇ ਮਾਮਲੇ ਵਿੱਚ ਸੰਭਵ ਹੈ।

ਅਟੀਲਾ ਚਿੰਤਾ ਵਾਲੇ ਇੱਕ ਹੋਰ ਗਾਮਾ ਵੇਰੀਐਂਟ ਦੇ ਵਿਕਸਿਤ ਹੋਣ ਦੇ ਨਾਲ ਇਸ ਦੀਆਂ ਸਮਾਨਤਾਵਾਂ ਦੇਖਦੇ ਹਨ।

ਜੋ 2021 ਦੀ ਸ਼ੁਰੂਆਤ ਵਿੱਚ ਅਮੇਜ਼ਨ ਦੇ ਇਲਾਕੇ ਵਿੱਚ ਸਭ ਤੋਂ ਵੱਧ ਆਬਾਦੀ ਵਾਲੇ ਬ੍ਰਾਜ਼ੀਲ ਦੇ ਸ਼ਹਿਰ ਮਨੌਸ ਵਿੱਚ ਵਿਆਪਕ ਲਾਗ ਫੈਲਣ ਦਾ ਕਾਰਨ ਬਣਿਆ ਸੀ।

ਬਾਇਓਲੋਜਿਸਟ ਦਾ ਕਹਿਣਾ ਹੈ, ÷ਇੱਕ ਕਮਜ਼ੋਰ ਇਮਿਊਨ ਸਿਸਟਮ ਵਾਲੇ ਵਿਅਕਤੀ ਵਿੱਚ ਵਿਕਸਿਤ ਹੋਣ ਵਾਲੇ ਵਾਇਰਸ ਦੀ ਇੱਕ ਹੀ ਪਰਿਕਲਪਨਾ ਨੂੰ ਉਸ ਵੇਲੇ ਚੁੱਕਿਆ ਗਿਆ, ਜਦੋਂ ਗਾਮਾ ਸਾਹਮਣੇ ਆਇਆ।

÷ਪਰ ਬਾਅਦ ਵਿੱਚ ਇਹ ਸਾਬਿਤ ਹੋਇਆ ਕਿ ਵਿਚਕਾਰੇ ਵੰਸ਼ ਚਲਨ ਵਿੱਚ ਸੀ ਅਤੇ ਸਥਾਨਕ ਆਬਾਦੀ ਵਿੱਚ ਫੈਲਦਿਆਂ ਹੀ ਉਨ੍ਹਾਂ ਨੇ ਮਿਊਟੇਸ਼ਨ ਜਮ੍ਹਾਂ ਕਰ ਲਏ।ਕੀ ਅਸੀਂ ਕਦੇ ਓਮੀਕਰੋਨ ਜ਼ੀਰੋ ਮਰੀਜ਼ ਨੂੰ ਲੱਭ ਸਕਾਂਗੇ?

÷ਇਕਹਿਰੇ ਵਿਅਕਤੀ ਵਾਲੇ ਸਿਧਾਂਤ÷ ਦੇ ਸਮਰਥਕ ਸਾਵਧਾਨ ਹਨ ਕਿ ਬਦਲਾਂ ਨੂੰ ਪੂਰੀ ਤਰ੍ਹਾਂ ਖੁੱਲ੍ਹ ਨਾ ਦਿੱਤੀ ਜਾਵੇ ਪਰ ਉਹ ਮੰਨਦੇ ਹਨ ਕਿ ਵਧੇਰੇ ਸਬੂਤ ਉਨ੍ਹਾਂ ਦੇ ਹੱਕ @ਚ ਹਨ।







ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA



# ਪੰਜਾਬੀਓ ਬਚਾ ਲਓ ਆਪਣਾ ਸੱਭਿਆਚਾਰ

**ਪਰ ਉਹ ਮਹਿਜ਼ ਜਿਹਾ ਹੀ ਡਰਾਮਾ ਸਾਬਤ ਹੁੰਦੇ ਹਨ, ਕਿਉਂਕਿ ਪ੍ਰੋਗਰਾਮਾਂ ਦੇ ਵਿੱਚ ਉਹ ਕੁਝ ਪੇਸ਼ ਤਾਂ ਕੀਤਾ ਜਾਂਦਾ ਹੈ ਜਿਸ ਦੀ ਸਾਨੂੰ ਲੋੜ ਹੈ, ਪਰ ਕਦੇ ਵੀ ਉਸ ਨੂੰ ਅਪਣਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਜਿਸ ਦੇ ਕਾਰਨ ਉੱਥੇ ਪਹੁੰਚੀ ਨੌਜਵਾਨ ਪੀੜ੍ਹੀ ਵੇਖਦੀ ਤਾਂ ਜ਼ਰੂਰ ਹੈ**



ਕਿਸੇ ਸਮੇਂ ਪੰਜਾਬ ਦਾ ਸੱਭਿਆਚਾਰ ਦੁਨੀਆਂ ਦਾ ਸਭ ਤੋਂ ਅਮੀਰ ਸੱਭਿਆਚਾਰ ਮੰਨਿਆ ਜਾਂਦਾ ਸੀ ਅਤੇ ਇਸੇ ਸੱਭਿਆਚਾਰ ਨੂੰ ਲੈ ਕੇ ਹੀ ਦੁਨੀਆਂ ਵਿੱਚ ਪੰਜਾਬੀ ਮਸ਼ਹੂਰ ਸਨ। ਪੰਜਾਬੀਆਂ ਦੇ ਵਿਆਹਾਂ ਵਿੱਚ ਵੰਨ ਸੁਵੰਨੇ ਜਿੱਥੇ ਪਕਵਾਨ ਬਣਦੇ ਸਨ, ਉੱਥੇ ਹੀ ਪੰਜਾਬੀਆਂ ਦੇ ਵੱਲੋਂ ਆਪਣੇ ਪਿੰਡਾਂ ਵਿੱਚ ਕਈ ਤਰ੍ਹਾਂ ਦੇ ਪ੍ਰੋਗਰਾਮ ਕਰਵਾਏ ਜਾਂਦੇ ਸਨ। ਜਿਨ੍ਹਾਂ ਨੂੰ ਦੇਸ਼ਾਂ ਵਿਦੇਸ਼ਾਂ ਤੋਂ ਲੋਕ ਦੇਖਣ ਲਈ ਆਇਆ ਕਰਦੇ ਸਨ ਅਤੇ ਇੱਥੋਂ ਤੱਕ ਕਿ ਜਦੋਂ ਦੇਸ਼ ਆਜ਼ਾਦ ਨਹੀਂ ਸੀ ਹੋਇਆ ਭਾਰਤ ਅਤੇ ਪਾਕਿਸਤਾਨ ਇੱਕੋ ਹੀ ਸਨ, ਉਦੋਂ ਵੀ ਪਾਕਿਸਤਾਨ ਤੋਂ ਬਹੁਤ ਸਾਰੇ ਲੋਕ ਚੜ੍ਹਦੇ ਪੰਜਾਬ ਆਇਆ ਕਰਦੇ ਸਨ ਅਤੇ ਮਾਲਵੇ ਵਿੱਚ ਵਸੇ ਪੰਜਾਬੀਆਂ ਦੇ ਮੇਲੇ ਅਤੇ ਸੱਭਿਆਚਾਰ ਨਾਲ ਜੁੜੇ ਹੋਰ ਪ੍ਰੋਗਰਾਮ ਦੇਖਿਆ ਕਰਦੇ ਸਨ। ਸਾਡੇ ਦੇਸ਼ ਨੇ ਜਿਵੇਂ-ਜਿਵੇਂ ਤਰੱਕੀ ਕੀਤੀ ਹੈ, ਉਸੇ ਤਰ੍ਹਾਂ ਸਾਡੇ ਪੰਜਾਬੀ ਸੱਭਿਆਚਾਰ ਨੂੰ ਵੀ ਅੱਜ ਦੀ ਨੌਜਵਾਨ ਪੀੜ੍ਹੀ ਅਤੇ ਸਮੇਂ ਦੀਆਂ ਸਰਕਾਰਾਂ ਭੁੱਲਦੀਆਂ ਜਾ ਰਹੀਆਂ ਹਨ। ਇਸ ਸਮੇਂ ਜਿੱਥੇ ਪੰਜਾਬ ਦੇ ਅੰਦਰ ਤੀਆਂ ਦੇ ਮੇਲੇ ਬਹੁਤ ਘੱਟ ਕਰਵਾਏ ਜਾਂਦੇ ਹਨ, ਉੱਥੇ ਹੀ ਪਿੰਡਾਂ ਦੇ ਅੰਦਰ ਹੁਣ ਉਹ ਮੌਜਾਂ ਨਹੀਂ ਮਿਲਦੀਆਂ, ਜੋ 1947 ਤੋਂ ਪਹਿਲਾਂ ਸਨ। ਪਿੰਡਾਂ ਦੇ ਅੰਦਰ ਇਸ ਸਮੇਂ ਲੜਾਈਆਂ-ਝਗੜਿਆਂ ਤੋਂ ਇਲਾਵਾ ਹੋਰ ਕੁਝ ਨਹੀਂ ਰਹਿ ਗਿਆ। ਸੱਭਿਆਚਾਰ ਦੇ ਨਾਂਅ ’ਤੇ ਕਈ ਜਥੇਬੰਦੀਆਂ ਦੇ ਵੱਲੋਂ ਪ੍ਰੋਗਰਾਮ ਤਾਂ ਕਰਵਾਏ ਜਾਂਦੇ ਹਨ। ਪਰ ਉਹ ਮਹਿਜ਼ ਜਿਹਾ ਹੀ ਡਰਾਮਾ ਸਾਬਤ ਹੁੰਦੇ ਹਨ, ਕਿਉਂਕਿ ਪ੍ਰੋਗਰਾਮਾਂ ਦੇ ਵਿੱਚ ਉਹ ਕੁਝ ਪੇਸ਼ ਤਾਂ ਕੀਤਾ ਜਾਂਦਾ ਹੈ ਜਿਸ ਦੀ ਸਾਨੂੰ ਲੋੜ ਹੈ, ਪਰ ਕਦੇ ਵੀ ਉਸ ਨੂੰ ਅਪਣਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਜਿਸ ਦੇ ਕਾਰਨ ਉੱਥੇ ਪਹੁੰਚੀ ਨੌਜਵਾਨ ਪੀੜ੍ਹੀ ਵੇਖਦੀ ਤਾਂ ਜ਼ਰੂਰ ਹੈ ਆਪਣੇ ਪੁਰਾਣੇ ਵਿਰਸੇ ਨੂੰ, ਪਰ ਉਹ ਅਪਣਾਉਂਦੀ ਇਸ ਕਰਕੇ ਨਹੀਂ ਕਿਉਂਕਿ ਪ੍ਰੋਗਰਾਮ ਕਰਨ ਵਾਲੇ ਜ਼ਿਆਦਾਤਰ ਮੁੰਡੇ ਕੁੜੀਆਂ ਲੱਚਰ ਗੀਤਾਂ ਦੇ ਵਿਚੋਂ ਹੀ ਆਏ ਹੁੰਦੇ ਹਨ। ਅੱਜ ਪੰਜਾਬ ਦਾ ਇਹ ਹਾਲ ਹੋਇਆ ਪਿਆ ਹੈ ਕਿ ਪੰਜਾਬ ਦੀ ਜਵਾਨੀ ਨੂੰ ਤਾਂ ਨਸ਼ਿਆਂ ਨੇ ਖਾ ਲਿਆ ਹੈ ਅਤੇ ਕਿਸਾਨੀ ਨੂੰ ਕਰਜ਼ਿਆਂ ਨੇ। ਜਵਾਨੀ ਨੂੰ ਨੌਕਰੀਆਂ ਨਾ ਮਿਲਣ ਦੇ ਕਾਰਨ ਉਹ ਨਸ਼ਿਆਂ ਦੀ ਦਲਦਲ ਵਿੱਚ ਧੱਸਦੇ ਜਾ ਰਹੇ ਹਨ, ਕਿਸਾਨ ਕਰਜ਼ੇ ਮੁਆਫ਼ ਨਾ ਹੋਣ ਦੇ ਕਾਰਨ ਖੁਦਕੁਸ਼ੀਆਂ ਦੇ ਰਾਹ ਪੈ ਚੁੱਕੇ ਹਨ, ਜਿਨ੍ਹਾਂ ਨੂੰ ਬਚਾਉਣ ਦੇ ਲਈ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ। ਪੰਜਾਬ ਦੇ ਅੰਦਰ ਜਿੱਥੇ ਧੀਆਂ ਦੀ ਇੱਜ਼ਤ ਘੱਟਦੀ ਜਾ ਰਹੀ ਹੈ, ਉਥੇ ਹੀ ਕਈ ਤਰ੍ਹਾਂ ਦੇ ਤਲਾਕਨੁਮਾ ਕੇਸ ਵੀ ਸਾਹਮਣੇ ਆ ਰਹੇ ਹਨ, ਜਿਸ ਨਾਲ ਪੰਜਾਬ ਬਦਨਾਮ ਹੋ ਰਿਹਾ ਹੈ। ਦੱਸ ਦਈਏ ਕਿ ਪੰਜਾਬ ਦੇ ਅੰਦਰ ਜਵਾਨੀ ਨੂੰ ਜਿੱਥੇ ਸੱਭਿਆਚਾਰ ਬਾਰੇ ਪਤਾ ਨਹੀਂ, ਉਥੇ ਹੀ ਪੁਰਾਣੇ ਗੀਤਾਂ ਨੂੰ ਵੀ ਭੁਲਾਇਆ ਜਾ ਰਿਹਾ ਹੈ। ਪੰਜਾਬ ਦੀ ਜਵਾਨੀ ਨੂੰ ਇਸ ਵੇਲੇ ਲੱਚਰ ਗਾਇਕੀ ਨੇ ਖਾ ਲਿਆ ਹੈ। ਕਿਉਂਕਿ ਲੱਚਰ ਗਾਇਕਾਂ ਦੇ ਵੱਲੋਂ ਗਾਏ ਜਾਂਦੇ ਗੀਤਾਂ ਨੂੰ ਨੌਜਵਾਨ ਸੁਣ ਕੇ ਕਈ ਪੁੱਠੇ ਸਿੱਧੇ ਕੰਮ ਕਰ ਰਹੇ ਹਨ। ਜਿਸ ਦੇ ਕਾਰਨ ਅੱਜ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਨੂੰ ਭੁੱਲ ਕੇ ਹਥਿਆਰਾਂ ਦੇ ਸ਼ੌਕ ਆਦਿ ਜਿਹੇ ਗਾਣੇ ਸੁਣ ਕੇ ਕਤਲ ਆਦਿ ਕਰ ਰਹੇ ਹਨ ਅਤੇ ਕਈ ਧੀਆਂ ਭੈਣਾਂ ਦੀਆਂ ਇੱਜ਼ਤਾਂ ਰੋਲ ਰਹੇ ਹਨ। ਅੱਜ ਲੋੜ ਹੈ ਸੋਹਣਾ ਪੰਜਾਬ ਸਿਰਜਣ ਦੀ। ਪੁਰਾਣੇ ਸੱਭਿਆਚਾਰ ਨੂੰ ਬਚਾਉਣ ਦੀ ਲੋੜ ਹੈ ਤਾਂ ਜੋ ਪੰਜਾਬ ਦੀ ਆਉਣ ਵਾਲੀ ਜਵਾਨੀ ਨੂੰ ਵੀ ਇਹ ਪਤਾ ਲੱਗ ਸਕੇ ਕਿ ਸਾਡਾ ਅਮੀਰ ਵਿਰਸਾ ਕਿੰਨਾ ਵੱਡਾ ਹੈ, ਜਿਸ ਨੂੰ ਅਸੀਂ ਭੁੱਲ ਬੈਠੇ ਹਾਂ।

# ਭੈਣਾਂ ਵਰਗਾ ਸਾਕ ਨਾ ਕੋਈ...

**ਬੇਬੇ ਨਾਨਕੀ ਵੀਰ ਮੋਹ ਵਿੱਚ ਭਿੱਜੀ ਆਪਣੇ ਬਾਬਲ ਨੂੰ ਆਪਣੇ ਭਰਾ ਨੂੰ ਝਿੜਕਣ ਤੋਂ ਵਰਜ ਦਿੰਦੀ ਹੈ**



ਹਰ ਵੇਲੇ ਸੁਖ ਮੰਗਦਾ ਇੱਕ ਭੈਣ ਦਾ ਦਿਲ, ਵੱਡੇ ਜਾਂ ਛੋਟੇ ਭਰਾ ਦੇ ਸਾਹਾਂ ਵਿੱਚ ਵਸਦੀ ਭੈਣ ਦੀ ਜ਼ਿੰਦਗੀ ਤੇ ਭੈਣਾਂ ਲਈ ਜਾਨ ਵਾਰਦੇ ਭਰਾ। ਇਹ ਸਭ ਉਦਾਹਰਣਾਂ ਤੇ ਗਵਾਹੀਆਂ ਹਨ ਭੈਣ-ਭਰਾ ਦੇ ਮੋਹ ਭਿੱਜੇ ਨਿੱਘੇ ਰਿਸ਼ਤੇ ਦੀਆਂ। ਭੈਣ-ਭਰਾ ਦੇ ਰਿਸ਼ਤੇ ਦੇ ਨਿੱਘ ਦੀਆਂ ਤਾਰਾਂ ਮਾਤਾ-ਪਿਤਾ ਦੇ ਦਿਲ ਦੀਆਂ ਤਾਰਾਂ ਨੂੰ ਵੀ ਜੋੜੀ ਰੱਖਦੀਆਂ ਹਨ। ਉਹ ਮਾਂ-ਪਿਉ ਬਹੁਤ ਹੀ ਮਾਣਮੱਤੇ ਮਹਿਸੂਸ ਕਰਦੇ ਹਨ ਜਿਨ੍ਹਾਂ ਦੇ ਧੀਆਂ-ਪੁੱਤਰ ਆਪਸ ਵਿੱਚ ਮੋਹ ਦੀਆਂ ਤਰੰਗਾਂ ਜੋੜੀ ਰੱਖਦੇ ਹਨ। ਇੱਕੋ ਘਰ ਵਿੱਚ ਇਕੱਠੇ ਖੇਡੇ, ਪੜ੍ਹੇ ਅਤੇ ਨਿੱਕੀ-ਨਿੱਕੀ ਨੋਕ-ਝੋਕ ਕਰਦੇ ਬਾਲ-ਬਾਲੜੀਆਂ ਜਦੋਂ ਜੁਆਨ ਹੁੰਦੇ ਹਨ ਤਾਂ ਉਨ੍ਹਾਂ ਦੇ ਮੋਹ ਦੀਆਂ ਤੰਦਾਂ ਹੋਰ ਵੀ ਪੀਡੀਆ ਹੋ ਜਾਂਦੀਆਂ ਹਨ। ਭੈਣ ਨੂੰ ਹਰ ਵੇਲੇ ਭਰਾ ਦੀ ਪੜ੍ਹਾਈ, ਦੇਰ ਨਾਲ ਘਰ ਪਰਤਣ ਤੇ ਜਾਂ ਫਿਰ ਉਸ ਲਈ ਜ਼ਿੰਦਗੀ ਦੀ ਹਰੇਕ ਉਚਾਈ ਛੂਹ ਸਕਣ ਦੀਆਂ ਚਿੰਤਾਵਾਂ ਸਤਾਉਂਦੀਆਂ ਹਨ ਤੇ ਭਰਾ ਭਾਵੇਂ ਵੱਡੇ ਹੋਣ ਜਾਂ ਛੋਟੇ ਉਹ ਸਦਾ ਆਪਣੀ ਭੈਣ ਦੀ ਜ਼ਿੰਦਗੀ ਨੂੰ ਸਭ ਪਾਸਿਓਂ ਸੁਲਝੀ ਤੇ ਸੰਵਰੀ ਹੋਈ ਦੇਖਣਾ ਲੋਚਦੇ ਹਨ। ਭਰਾ ਦੇ ਆਪਣੇ ਪਰਿਵਾਰ ਵਿੱਚ ਭਾਵੇਂ ਕਿੰਨੀ ਵੀ ਔਖ ਹੋਵੇ, ਉਹ ਝੱਲ ਲੈਂਦਾ ਹੈ ਪਰ ਭੈਣਾਂ ਦੇ ਸਹੁਰਿਆਂ ਵੱਲੋਂ ਹਰ ਵੇਲੇ ਸੁੱਖ ਦਾ ਸੁਨੇਹਾ ਹੀ ਭਾਲਦਾ ਹੈ। ਭੈਣ ਦੀ ਇੱਕ ਪੁਕਾਰ ’ਤੇ ਉਹ ਤੜਪ ਉੱਠਦਾ ਹੈ ਅਤੇ ਇਹੀ ਹਾਲ ਓਧਰ ਭੈਣਾਂ ਦਾ ਵੀ ਹੁੰਦਾ ਹੈ। ਉਹ ਛੇਤੀ ਕਿਤੇ ਆਪਣਾ ਦੁੱਖ ਭਰਾਵਾਂ ਦੇ ਕੰਨਾਂ ਤਕ ਨਹੀਂ ਪਹੁੰਚਣ ਦਿੰਦੀਆਂ ਤੇ ਹਰ ਵੇਲੇ ਭਰਾ ਦੇ ਘਰ ਵੱਲੋਂ ਠੰਡੀਆਂ ਹਵਾਵਾਂ ਤਾਂਘਦੀਆਂ ਹਨ। ਰੱਖੜੀ ਦਾ ਪਵਿੱਤਰ ਤਿਉਹਾਰ ਵੀ ਭੈਣ-ਭਰਾ ਦੇ ਰਿਸ਼ਤੇ ਦੀ ਅਟੁੱਟਤਾ ਦੀ ਗਵਾਹੀ ਭਰਦਾ ਹੈ। ਭੈਣ-ਭਰਾ ਦੇ ਅਨੂਠੇ ਪਿਆਰ ਦੀਆਂ ਅਣਗਿਣਤ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਪ੍ਰਮੁੱਖ ਰੂਪ ਵਿੱਚ ਗੱਲ ਕੀਤੀ ਜਾਵੇ ਤਾਂ ਗਵਾਹ ਹੈ ਬੇਬੇ ਨਾਨਕੀ ਤੇ ਬਾਬੇ ਨਾਨਕ ਵਾਲਾ ਭੈਣ-ਭਰਾ ਦਾ ਸਾਂਝ ਭਰਿਆ ਮਿਲਾਪੜਾ ਰਿਸ਼ਤਾ। ਜਿੱਥੇ ਇਸ ਭੈਣ-ਵੀਰ ਦੀ ਜੋੜੀ ਨੇ ਇਸ ਰਿਸ਼ਤੇ ਦੇ ਮੋਹ-ਭਿੱਜੇ ਨਿੱਘ ਨੂੰ ਮਾਣਿਆ, ਉੱਥੇ ਇਸ ਨਾਤੇ ਦੀ ਸਾਂਝ ਨੂੰ ਅਨੋਖੀ ਮਿਸਾਲ ਵਜੋਂ ਉਭਾਰਿਆ। ਇੱਥੋਂ ਤਕ ਕਿ ਬੇਬੇ ਨਾਨਕੀ ਵੀਰ ਮੋਹ ਵਿੱਚ ਭਿੱਜੀ ਆਪਣੇ ਬਾਬਲ ਨੂੰ ਆਪਣੇ ਭਰਾ ਨੂੰ ਝਿੜਕਣ ਤੋਂ ਵਰਜ ਦਿੰਦੀ ਹੈ। ਭੈਣ-ਭਰਾ ਦੇ ਰਿਸ਼ਤੇ ਦੀ ਵਿਲੱਖਣਤਾ ਮਹਿਸੂਸ ਕੀਤਿਆਂ ਹੀ ਬਣਦੀ ਹੈ। ਭੈਣ-ਭਰਾ ਦੇ ਰਿਸ਼ਤੇ ਦੀ ਸਾਂਝ ਨੂੰ ਤਾਂ ਸਾਡੇ ਲੋਕ ਗੀਤ ਵੀ ਚੰਗੀ ਤਰ੍ਹਾਂ ਦਰਸਾਉਂਦੇ ਹਨ ਜਿਵੇਂ ਭੈਣ ਆਪਣੇ ਸਹੁਰੇ ਘਰ ਭਰਾ ਨੂੰ ਤਾਂਘ ਨਾਲ ਉਡੀਕਦੀ ਹੋਈ ਪੁਕਾਰ ਉੱਠਦੀ ਹੈ:-

ਵੀਰਾ ਆਈਂ ਵੇ ਭੈਣ ਦੇ ਵਿਹੜੇ,
ਪੁੰਨਿਆਂ ਦਾ ਚੰਨ ਬਣ ਕੇ।

ਭੈਣ ਦੇ ਘਰ ਆਉਣ ’ਤੇ ਜਦੋਂ ਭੈਣ ਨੂੰ ਲੱਗਦਾ ਹੈ ਕਿ ਉਸ ਦੀ ਸੱਸ ਨੇ ਵੀਰ ਦੇ ਸਵਾਗਤ ਵਿੱਚ ਕੋਈ ਕਮੀ ਰੱਖੀ ਹੈ ਤਾਂ ਉਹ ਸੱਸ ਨੂੰ ਮਿਹਣਾ ਮਾਰਦੀ ਹੋਈ ਕੁਰਲਾ ਉੱਠਦੀ ਹੈ:-

ਨੀਂ ਸੱਸੇ ਤੇਰੀ ਮਹਿੰ ਮਰਜੇ,
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।

ਇਸ ਲਈ ਵੀਰ-ਭੈਣ ਦਾ ਮੋਹ ਸਦਾ ਤੋਂ ਹੀ ਆਪਣੇ ਰੰਗ ਬਖੇਰਦਾ ਆਇਆ ਹੈ ਤੇ ਆਪਣੀ ਮਹੱਤਤਾ ਨੂੰ ਪ੍ਰਗਟਾਉਂਦਾ ਆਇਆ ਹੈ ਪਰ ਅਜੋਕੇ ਸਮੇਂ ਵਿੱਚ ਇਸ ਰਿਸ਼ਤੇ ਵਿੱਚ ਕਿਤੇ-ਕਿਤੇ ਥੋੜ੍ਹੀ ਜ਼ਹਿਰ ਘੁਲਦੀ ਵੀ ਨਜ਼ਰ ਆ ਰਹੀ ਹੈ। ਉਸ ਕੁੜੱਤਣ ਦਾ ਕਾਰਨ ਪਰਿਵਾਰਕ ਬੇਇੱਜ਼ਤੀ ਅਤੇ ਸਵੈਮਾਣ ਦੇ ਘਾਣ ਨੂੰ ਠਹਿਰਾਇਆ ਜਾ ਸਕਦਾ ਹੈ। ਮੈਂ ਗੱਲ ਕਰ ਰਹੀ ਹਾਂ ਅਜੋਕੇ ਸਮਾਜ ਵਿੱਚ ਹੋ ਰਹੇ ਅਣਖ ਦੀ ਖਾਤਰ ਕਤਲਾਂ ਦੀ। ਪਤਾ ਨਹੀਂ ਕਿੰਨੀਆਂ ਭੈਣਾਂ ਆਪਣੇ ਹੀ ਭਰਾਵਾਂ ਦੇ ਹੱਥੋਂ ਇਸ ‘ਅਣਖ’ ਦੀ ਖਾਤਰ ਮੌਤ ਦੇ ਘਾਟ ਉੱਤਰ ਚੁੱਕੀਆਂ ਹਨ ਤੇ ਪਤਾ ਨਹੀਂ ਕਿੰਨੀਆਂ ਭੈਣਾਂ ਦੇ ਭਰਾ ਕੁੜੀਆਂ ਵਾਲਿਆਂ ਵੱਲੋਂ ਕਤਲ ਕੀਤੇ ਜਾ ਚੁੱਕੇ ਹਨ। ਗੱਲ ਕੇਵਲ ਅਜੋਕੇ ਯੁੱਗ ਦੀ ਨਹੀਂ ਇਸ ਗੱਲ ਦੀ ਗਵਾਹੀ ਤਾਂ ਵਾਰਿਸ ਸ਼ਾਹ ਦੀ ‘ਹੀਰ’ ਦਾ ਕਤਲ ਅਤੇ ਪੀਲੂ ਦੇ ‘ਮਿਰਜ਼ੇ’ ਦਾ ਕਤਲ ਆਦਿ ਘਟਨਾਵਾਂ ਵੀ ਭਰਦੀਆਂ ਹਨ। ਇੱਥੇ ਇਹ ਸਪਸ਼ਟ ਕਰਨਾ ਬਣਦਾ ਹੈ ਇਨ੍ਹਾਂ ਦੁਰਘਟਨਾਵਾਂ ਦੀ ਜ਼ਿੰਮੇਵਾਰੀ ਦੋਹੇਂ ਪਾਸੇ ਹੀ ਬਣਦੀ ਹੈ। ਪਹਿਲੀ ਗੱਲ ਤਾਂ ਭੈਣਾਂ ਦੀ, ਜਿਨ੍ਹਾਂ ਨੂੰ ਪੂਰੀ ਖੁੱਲ੍ਹਦਿਲੀ ਤੇ ਆਜ਼ਾਦੀ ਨਾਲ ਪਰਿਵਾਰ ਵੱਲੋਂ ਪਾਲਿਆ ਪੋਸਿਆ ਜਾਂਦਾ ਹੈ, ਤਾਂ ਉਨ੍ਹਾਂ ਦਾ ਇਹ ਪੂਰਾ-ਪੂਰਾ ਫ਼ਰਜ਼ ਬਣਦਾ ਹੈ ਕਿ ਉਹ ਨਿੱਜੀ ਸਵਾਰਥ ਦੀ ਖਾਤਰ ਭਰਾਵਾਂ ਦੀ ਇੱਜ਼ਤ ਨੂੰ ਦਾਗ਼ ਨਾ ਲਾਉਣ ਤੇ ਸਮਾਜ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਨੂੰ ਸ਼ਰਮਸਾਰ ਨਾ ਕਰਨ। ਦੂਜੇ ਪਾਸੇ ਭੈਣਾਂ ਦੇ ਨਾਲ-ਨਾਲ ਭਰਾਵਾਂ ਨੂੰ ਨੈਤਿਕਤਾ ਅਤੇ ਸੂਹਜ-ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ ਕਿ ਜੇਕਰ ਗੱਲ ਆਪਸੀ ਸੂਝ-ਬੂਝ ਤੋਂ ਉੱਪਰ ਵੀ ਉੱਠ ਜਾਵੇ ਤਾਂ ਵੀ ਉਹ ਗੈਰ-ਕਨੂੰਨੀ, ਅਨੈਤਿਕ ਤੇ ਭਾਵਨਾ ਤੋਂ ਕੋਝੇ ‘ਕਤਲ’ ਵਰਗੇ ਕਦਮ ਨਾ ਚੁੱਕਣ ਸਗੋਂ ਪੂਰੇ ਪਰਿਵਾਰ ਨਾਲ ਮਿਲ ਕੇ ਕੋਈ ਸੁਚੱਜਾ ਅਤੇ ਤਰਕਸੰਗਤ ਹੱਲ ਲੱਭਣ ਦਾ ਯਤਨ ਕਰਨ ਤਾਂ ਕਿ ਚਿਰਾਂ ਤੋਂ ਸਥਾਪਤ ਭੈਣ-ਭਰਾ ਦੇ ਪਿਆਰ ਤੇ ਸਤਿਕਾਰ ਭਰੇ ਇਸ ਰਿਸ਼ਤੇ ਨੂੰ ਦਾਗ਼ ਨਾ ਲੱਗੇ। ਉਪਰੋਕਤ ਤੋਂ ਇਲਾਵਾ ਮੁੱਖ ਰੂਪ ਵਿੱਚ ਇੱਕ ਹੋਰ ਤੱਥ ਸਾਹਮਣੇ ਆਇਆ ਹੈ ਜਿਸ ਕਾਰਨ ਇਨ੍ਹਾਂ ਮੋਹ ਦੀਆਂ ਤੰਦਾਂ ਵਿੱਚ ਤਰੇੜ ਆਈ ਹੈ ਅਤੇ ਉਹ ਤਰੇੜ ਹੈ ਰੁਪਏ-ਪੈਸੇ ਦਾ ਮੋਹ ਅਤੇ ਜਾਇਦਾਦ ਦਾ ਲਾਲਚ। ਕਈ ਵਾਰ ਭੈਣਾਂ ਆਪਣੇ ਸਹੁਰੇ ਪਰਿਵਾਰ ਜਾਂ ਪਤੀ ਦੇ ਦਬਾਅ ਹੇਠ ਤੇ ਕਈ ਵਾਰ ਆਪਣੇ ਖ਼ੁਦ ਦੇ ਲਾਲਚ ਕਰਕੇ ਮਾਪਿਆਂ ਦੀ ਜ਼ਮੀਨ-ਜਾਇਦਾਦ ਵਿੱਚੋਂ ਭਰਾਵਾਂ ਦੇ ਬਰਾਬਰ ਦਾ ਹਿੱਸਾ ਭਾਲਦੀਆਂ ਹਨ। ਇੱਥੇ ਇਹ ਵਰਣਨਯੋਗ ਹੈ ਕਿ ਇਹ ਹੱਕ ਭਾਵੇਂ ਉਨ੍ਹਾਂ ਨੂੰ ਕਾਨੂੰਨੀ ਤੌਰ ’ਤੇ ਮਿਲਿਆ ਹੋਇਆ ਹੈ ਪਰ ਸਮਾਜਿਕ ਪੱਖ ਅਤੇ ਰਿਸ਼ਤਿਆਂ ਦੀ ਸਾਂਝ ਦੇ ਨਿੱਘ ਨੂੰ ਧਿਆਨ ਵਿੱਚ ਰੱਖਦੇ ਹੋਏ ਜਾਇਦਾਦ ਦੀ ਵੰਡ ਆਪਸੀ ਸਹਿਮਤੀ ਅਤੇ ਸਹਿਯੋਗ ਨਾਲ ਹੀ ਹੋਣੀ ਚਾਹੀਦੀ ਹੈ। ਇਸ ਵਿੱਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਭੈਣ-ਭਰਾ ਦਾ ਆਪਸੀ ਮੋਹ ਅਟੁੱਟਵਾਂ, ਅਨਿੱਖੜਵਾਂ ਅਤੇ ਦਿਲਕਸ਼ ਹੈ। ਕਿਸੇ ਵੀ ਭੈਣ ਜਾਂ ਭਰਾ ਨੂੰ ਇਸ ਵਿੱਚ ਕੁੜੱਤਣਤਾ ਨੂੰ ਆਉਣ ਤੋਂ ਰੋਕਣਾ ਚਾਹੀਦਾ ਹੈ। ਉਂਜ ਵੀ ਇਸ ਮੋਹ ਦੀਆਂ ਤੰਦਾਂ ਏਨੀਆਂ ਪੀਡੀਆਂ ਹੋਈਆਂ ਹਨ ਕਿ ਥੋੜ੍ਹੇ ਜਿਹੇ ਲਾਲਚ ਦੇ ਹੱਥ ਇਨ੍ਹਾਂ ਨੂੰ ਖੋਲ੍ਹਣ ਵਿੱਚ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ। ਇਸ ਕਰਕੇ ਸਾਰੇ ਭੈਣ-ਭਰਾਵਾਂ ਨੂੰ ਇਸ ਰਿਸ਼ਤੇ ਦੇ ਨਿੱਘ ਨੂੰ ਮਾਣਨਾ ਚਾਹੀਦਾ ਹੈ ਤੇ ਇਸ ਦੀਆਂ ਗੰਢਾਂ ਹੋਰ ਮਜ਼ਬੂਤੀ ਨਾਲ ਪੀਡਣੀਆਂ ਚਾਹੀਦੀਆਂ ਹਨ।





**ਪਤੀ ਪਤਨੀ ਨੂੰ ਬੱਚੇ ਪੈਦਾ ਕਰਨ ਦਾ ਹੱਕ ਹੈ ਪਰ ਇਸਦਾ ਮਤਲਬ ਇਹ ਨਹੀਂ ਕਿ ਉਹ ਜਦੋਂ ਮਰਜ਼ੀ ਉਨ੍ਹਾਂ ਦੀ ਜਾਨ ਲੈ ਲੈਣ। ਵੈਸੇ ਤਾਂ ਕਿਸੇ ਵੀ ਪਤੀ ਪਤਨੀ ਨੂੰ ਖੁਦਕੁਸ਼ੀ ਕਰਨ ਦਾ ਵਿਚਾਰ ਹੀ ਮਨ 'ਚ ਨਹੀਂ ਲਿਆਉਣਾ ਚਾਹੀਦਾ।**

# ਬੱਚਿਆਂ ਦੀ ਸੁਰੱਖਿਆ ਪ੍ਰਤੀ ਵੱਡਿਆਂ ਦੀ ਲਾਪ੍ਰਵਾਹੀ

ਕੁੱਝ ਦਿਨ ਪਹਿਲਾਂ ਦੀ ਘਟਨਾ ਹੈ। ਪਾਨੀਪਤ 'ਚ 5 ਸਾਲ ਦੇ ਕਾਰਤਿਕ ਨਾਂ ਦੇ ਬੱਚੇ ਦੀ ਸਕੂਲ ਬੱਸ ਨੇ ਜਾਨ ਲੈ ਲਈ। ਹੋਇਆ ਇੰਝ ਕਿ ਨੇੜੇ ਕਿਸੇ ਪਿੰਡ 'ਚ ਧਾਰਮਿਕ ਪ੍ਰੋਗਰਾਮ ਹੋਣਾ ਸੀ। ਉਥੇ ਲਿਜਾਣ ਲਈ ਪ੍ਰਬੰਧਕ ਨੇ ਕਿਸੇ ਪ੍ਰਾਈਵੇਟ ਸਕੂਲ ਦੀ ਬੱਸ ਕਰ ਲਈ। ਮਾਂ ਆਪਣੇ 5 ਸਾਲ ਦੇ ਪੁੱਤਰ ਕਾਰਤਿਕ ਅਤੇ 7 ਸਾਲ ਦੇ ਜਤਿਨ ਨੂੰ ਉਸ ਬੱਸ ਲੈ ਗਈ। ਪ੍ਰੋਗਰਾਮ ਤੋਂ ਵਾਪਸ ਆਉਣ ਵੇਲੇ ਜਦੋਂ ਬੱਸ ਕੁਖਰਿਆਮ ਪਿੰਡ ਕੋਲ ਸਪੀਡ ਬ੍ਰੇਕਰ ਉਪਰੋਂ ਲੰਘੀ ਤਾਂ ਕਾਰਤਿਕ ,ਬੱਸ ਦੇ ਟੁੱਟੇ ਹੋਏ ਫਰਸ਼ ਵਿਚੋਂ ਡਿੱਗ ਪਿਆ ਅਤੇ ਬੱਸ ਦੇ ਪਹੀਆਂ ਨੇ ਉਸਨੂੰ ਕੁਚਲ ਦਿੱਤਾ। ਬੱਸ ਦੇ ਅੰਦਰ ਤੋਂ ਫਰਸ਼ ਟੁਟਿਆ ਹੋਇਆ ਸੀ। ਉਸ ਦੇ ਮੋਘਰੇ ਉਪਰ ਪਲਾਈਵੁਡ ਦਾ ਫੱਟਾ ਰੱਖ ਕੇ ਕੰਮ ਚਲਾ ਰੱਖਿਆ ਸੀ। ਸਪੀਡ ਬ੍ਰੇਕਰ 'ਤੇ ਲੰਘਣ ਵੇਲੇ ਫੱਟਾ ਸਰਕ ਗਿਆ ਅਤੇ ਮੋਘਰੇ ਵਿਚੋਂ ਕਾਰਤਿਕ ਦੇ ਡਿੱਗਣ ਕਰਕੇ ਉਹ ਕੁਚਲਿਆ ਗਿਆ। ਇੱਥੋਂ ਪਤਾ ਲੱਗਦਾ ਹੈ ਕਿ ਬੱਚਿਆਂ ਦੀ ਸੁਰੱਖਿਆ ਪ੍ਰਤੀ ਅਸੀਂ ਕਿੰਨੀ ਲਾਪ੍ਰਵਾਹੀ ਵਰਤਦੇ ਹਾਂ। ਜਦੋਂ ਬੱਸ ਦਾ ਫਰਸ਼ ਟੁੱਟ ਗਿਆ ਸੀ ਤਾਂ ਉਸਨੂੰ ਤੁਰੰਤ ਮੁਰੰਮਤ ਕਰਾਉਣ ਬਾਰੇ ਬੱਸ ਦੇ ਮਾਲਕ, ਡਰਾਈਵਰ, ਕੰਡਕਟਰ ਆਦਿ ਨੇ ਨਾ ਸੋਚਿਆ। ਅਜਿਹੀ ਖਸਤਾ ਹਾਲਤ ਵਾਲੀ ਬੱਸ ਨੂੰ ਧਾਰਮਿਕ ਪ੍ਰੋਗਰਾਮ 'ਤੇ ਲਿਜਾਣ ਵੇਲੇ ਪ੍ਰਬੰਧਕਾਂ ਤੇ ਸ਼ਰਧਾਲੂਆਂ ਨੇ ਵੀ ਇਸ ਵੱਲ ਧਿਆਨ ਨਾ ਦਿੱਤਾ।

**ਕੁੱਝ ਸਾਲ ਪਹਿਲਾਂ ਜਦੋਂ ਪ੍ਰਿੰਸ ਨਾ ਦਾ ਬੱਚਾ ਬੋਰ 'ਚ ਡਿੱਗ ਗਿਆ ਸੀ ਤਾਂ ਫੌਜ ਦੇ ਜਵਾਨਾਂ ਨੇ ਬੋਰ ਦੇ ਬਰਾਬਰ ਖੁਦਾਈ ਕਰਕੇ ਬਹੁਤ ਮਿਹਨਤ ਅਤੇ ਮੁਸ਼ਕਲ ਨਾਲ ਉਸ ਨੂੰ ਬਚਾਇਆ ਸੀ**

ਮਾਡਲ ਸਕੂਲਾਂ 'ਚ ਬੱਚਿਆਂ ਨੂੰ ਢੋਣ ਵਾਲੀਆਂ ਬਹੁਤ ਬੱਸਾਂ ਕੰਡਮ ਹਾਲਤ 'ਚ ਹੁੰਦੀਆਂ ਹਨ। ਸਕੂਲਾਂ ਦੇ ਵਾਹਨਾਂ 'ਤੇ ਕਾਫੀ ਡਰਾਈਵਰ ਅਣਜਾਣ ਵੀ ਰੱਖੇ ਹੁੰਦੇ ਹਨ। ਕੁੱਝ ਡਰਾਈਵਰਾਂ ਵੱਲੋਂ ਨਸ਼ੇ ਕਰਨਾ, ਡਰਾਇਵਿੰਗ ਕਰਦੇ ਸਮੇਂ ਉਚੀ ਆਵਾਜ਼ 'ਚ ਟੇਪ ਲਾਉਣਾ, ਮੋਬਾਈਲ ਤੇ ਲੰਮੀਆਂ ਗੱਲਾਂ ਕਰਨਾ ਆਦਿ ਆਮ ਵੇਖਣ 'ਚ ਮਿਲਦਾ ਹੈ। ਸਕੂਲਾਂ ਦੀਆਂ ਬੱਸਾਂ ਦੀ ਜਲਦਬਾਜ਼ੀ ,ਲਾਪ੍ਰਵਾਹੀ, ਨਾਸਮਝੀ ਕਾਰਨ ਹੋਏ ਸੜਕ ਹਾਦਸਿਆਂ 'ਚ ਕਿੰਨੇ ਹੀ ਮਾਸੂਮ ਬੱਚੇ ਮੌਤ ਦੇ ਮੂੰਹ 'ਚ ਚਲੇ ਗਏ ਹਨ। ਮਾੜੀ ਗੱਲ ਇਹ ਵੀ ਹੈ ਕਿ ਸਕੂਲਾਂ ਦੇ ਵਾਹਨਾਂ ਰਾਹੀਂ ਹੋ ਰਹੇ ਹਾਦਸਿਆਂ ਨੂੰ ਰੋਕਣ ਵੱਲ ਅਸੀਂ ਧਿਆਨ ਨਹੀਂ ਦਿੰਦੇ। ਟ੍ਰੈਫਿਕ ਦੇ ਬਣਾਏ ਜਾਂਦੇ ਬੇਤਹਾਸ਼ਾ ਤੇ ਗੁੰਝਲਦਾਰ ਨਿਯਮਾਂ ਨਾਲੋਂ ਤਾਂ ਸਕੂਲ ਵਾਹਨਾਂ ਦੇ ਪ੍ਰਬੰਧਕਾਂ, ਡਰਾਈਵਰਾਂ ਆਦਿ ਨੂੰ ਬੱਚਿਆਂ ਦੀ ਜ਼ਿੰਦਗੀ ਦੀ ਕੀਮਤ ਸਮਝਾਉਣ ਦੀ ਜਿਆਦਾ ਲੋੜ ਹੈ।

ਹਰ ਰੋਜ਼ ਕਿੰਨੇ ਹੀ ਬੱਚੇ ਟੋਇਆਂ, ਖੂਹੀਆਂ, ਬੋਰਾਂ, ਟੋਭਿਆਂ ਆਦਿ 'ਚ ਡਿੱਗ ਕੇ ਮਰ ਜਾਂਦੇ ਹਨ। ਕੁੱਝ ਸਾਲ ਪਹਿਲਾਂ ਜਦੋਂ ਪ੍ਰਿੰਸ ਨਾ ਦਾ ਬੱਚਾ ਬੋਰ 'ਚ ਡਿੱਗ ਗਿਆ ਸੀ ਤਾਂ ਫੌਜ ਦੇ ਜਵਾਨਾਂ ਨੇ ਬੋਰ ਦੇ ਬਰਾਬਰ ਖੁਦਾਈ ਕਰਕੇ ਬਹੁਤ ਮਿਹਨਤ ਅਤੇ ਮੁਸ਼ਕਲ ਨਾਲ ਉਸ ਨੂੰ ਬਚਾਇਆ ਸੀ। ਲੋਕਾਂ ਨੇ ਟੀ 'ਵੀ ਤੇ ਉਸ ਘਟਨਾ ਨੂੰ ਵੇਖਿਆ। ਸਾਡੇ ਲੋਕਾਂ ਨੇ ਉਸ ਘਟਨਾ ਤੋਂ ਕੋਈ ਸਬਕ ਨਹੀਂ ਸਿੱਖਿਆ। ਘਰਾਂ ਅੱਗੇ, ਖੇਤਾਂ 'ਚ , ਸੜਕਾਂ ਕਿਨਾਰੇ , ਪਾਰਕਾਂ, ਇਮਾਰਤਾਂ ਦੀਆਂ ਉਸਾਰੀ ਵਾਲੀਆਂ ਆਦਿ ਹਰੇਕ ਥਾਵਾਂ 'ਤੇ ਟੋਏ ਪੁੱਟੇ ਹੁੰਦੇ ਹਨ। ਲੋਕ ਇਹ ਨਹੀਂ ਸੋਚਦੇ ਕਿ ਇਨ੍ਹਾਂ 'ਚ ਕੋਈ ਵੀ ਬੱਚਾ ਡਿੱਗ ਸਕਦਾ ਹੈ। ਖੂਹੀਆਂ, ਟੁਆਇਲਟ ਲਈ ਟੋਏ ਪੁੱਟਣ ਵੇਲੇ ਬੱਚਿਆਂ ਲਈ ਬਚਾਅ ਦਾ ਤੁਰੰਤ ਪ੍ਰਬੰਧ ਕਰਨਦੀ ਸੋਝੀ ਨਾ ਹੋਣ ਕਰਕੇ ਬੱਚਿਆਂ ਦੀਆਂ ਮੌਤਾਂ ਹੁਦੀਆਂ ਰਹਿੰਦੀਆਂ ਹਨ। ਜ਼ਿਲ੍ਹਾ ਪ੍ਰਸਾਸਨ ਵੱਲੋਂ ਖੂਹੀਆਂ ਪੁੱਟਣ ,ਬੋਰ ਕਰਾਉਣ ਸਬੰਧੀ ਬਣਾਏ ਜਾਂਦੇ ਨਿਯਮਾਂ ਬਾਰੇ ਦੂਰ ਦੁਰਾਡੇ ਪਿੰਡਾ ਦੇ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਹੁੰਦਾ।

ਜਿਹੜੇ ਪਤੀ-ਪਤਨੀ ਦੀ ਆਪਸ 'ਚ ਅਣਬਣ ਰਹਿੰਦੀ ਹੈ ਤਾਂ ਉਨ੍ਹਾਂ ਦੇ ਬੱਚਿਆਂ ਨੂੰ ਸੁਰੱਖਿਆ ਪੱਖੋਂ ਬਹੁਤ ਸੰਤਾਪ ਝੇਲਣਾ ਪੈਂਦਾ ਹੈ। ਪਤੀ ਨਾਲ ਗੁੱਸੇ ਹੋਣ ਕਾਰਨ ਪਤਨੀ ਵੱਲੋਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਨਹਿਰ 'ਚ ਛਾਲ ਮਾਰ ਦੇਣ ਦੀਆਂ ਖਬਰਾਂ ਅਕਸਰ ਆਉਣ ਲੱਗ ਪਈਆਂ ਹਨ।

ਪਤੀ ਗੁੱਸੇ 'ਚ ਆ ਕੇ ਆਪਣੇ ਬੱਚਿਆਂ ਨੂੰ ਅਤੇ ਉਨ੍ਹਾਂ ਦੀ ਮਾਂ ਨੂੰ ਮਾਰ ਕੇ ਫੇਰ ਆਪ ਮਰ ਜਾਂਦਾ ਹੈ। ਪਤੀ ਪਤਨੀ ਨੂੰ ਬੱਚੇ ਪੈਦਾ ਕਰਨ ਦਾ ਹੱਕ ਹੈ ਪਰ ਇਸਦਾ ਮਤਲਬ ਇਹ ਨਹੀਂ ਕਿ ਉਹ ਜਦੋਂ ਮਰਜ਼ੀ ਉਨ੍ਹਾਂ ਦੀ ਜਾਨ ਲੈ ਲੈਣ। ਵੈਸੇ ਤਾਂ ਕਿਸੇ ਵੀ ਪਤੀ ਪਤਨੀ ਨੂੰ ਖੁਦਕੁਸ਼ੀ ਕਰਨ ਦਾ ਵਿਚਾਰ ਹੀ ਮਨ 'ਚ ਨਹੀਂ ਲਿਆਉਣਾ ਚਾਹੀਦਾ। ਮਾਸੂਮ ਬੱਚਿਆਂ ਦੀ ਜਾਨ ਲੈਣ ਦੀ ਵਜਾਏ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਭਾਗਾਂ 'ਤੇ ਹੀ ਜਿਉਣ ਦੇਣਾ ਚਾਹੀਦਾ ਹੈ। ਜੇ ਉਨ੍ਹਾਂ ਬੱਚਿਆਂ ਨੂੰ ਕਿਸੇ ਹੋਰ ਰਿਸ਼ਤੇਦਾਰ ਨੇ ਨਾ ਰੱਖਿਆ ਤਾਂ ਹੋਰ ਨਹੀਂ ਤਾਂ ਕਿਸੇ ਯਤੀਮਖਾਨੇ 'ਚ ਚਲੇ ਜਾਣਗੇ। ਬੇਸਹਾਰਾ ਬੱਚਿਆਂ ਨੂੰ ਗੋਦ ਲੈਣ ਵਾਲੇ ਲੋੜਵੰਦ ਲੋਕਾਂ ਦੀ ਵੀ ਕਮੀ ਨਹੀਂ ਪਰ ਪਤੀ, ਪਤਨੀ ਵੱਲੋਂ ਆਪਣੇ ਨਾਲ ਆਪਣੇ ਬੱਚਿਆਂ ਦੀ ਜਾਨ ਲੈ ਲੈਣੀ ਤਾਂ ਬਹੁਤ ਵੱਡਾ ਅਪਰਾਧ ਹੈ।

ਗਲੀਆਂ 'ਚ, ਬਜ਼ਾਰਾਂ 'ਚ ਸਾਂਢ, ਬੇਸਹਾਰਾ ਗਾਵਾਂ, ਕੁੱਤਿਆਂ ਦੇ ਝੁੰਡ ਫਿਰਦੇ ਰਹਿੰਦੇ ਹਨ। ਹਰ ਰੋਜ਼ ਕੁੱਤਿਆਂ, ਬੇਸਹਾਰਾ ਪਸ਼ੂਆਂ ਵੱਲੋਂ ਕਾਫੀ ਬੱਚਿਆਂ ਨੂੰ ਕੱਟ ਲੈਣ ਅਤੇ ਜਾਨੋਂ ਮਾਰਨ ਦੀਆਂ ਘਟਨਾਵਾਂ ਵਾਪਰਦੀਆਂ ਹਨ। ਕਿਹਾ ਜਾਂਦਾ ਹੈ ਕਿ ਅੱਜ ਦੇ ਬੱਚੇ ਕੱਲ੍ਹ ਦੇ ਨੇਤਾ ਹੋਣਗੇ ਪਰ ਇਹ ਗੱਲ ਸੱਚ ਤਾਂ ਹੀ ਹੋਵੇਗੀ ਜੇ ਬੱਚੇ ਸੁਰੱਖਿਅਤ ਹੋਣਗੇ। ਇਸ 'ਚ ਵੀ ਕੋਈ ਸ਼ੱਕ ਨਹੀਂ ਕਿ ਬੱਚਿਆਂ ਦੀ ਮੁਸਕਾਨ 'ਚ ਹੀ ਦੇਸ਼ ਦੀ ਸ਼ਾਨ ਹੁੰਦੀ ਹੈ। ਇਸੇ ਕਰਕੇ ਜਪਾਨ, ਜਰਮਨੀ , ਕੈਨੇਡਾ ਵਰਗੇ ਵਿਕਸਤ ਦੇਸ਼ ਇਸ ਗੱਲ ਵੱਲ ਧਿਆਨ ਦਿੰਦੇਹਨ ਕਿ ਬੱਚਿਆਂ ਦੇਪਾਲਣ ਪੋਸ਼ਣ 'ਚ ਉਨ੍ਹਾਂ ਦੇ ਮਾਪਿਆਂ ਵੱਲੋਂ ਕੋਈ ਕਮੀ ਨਾ ਰਹਿ ਜਾਵੇ। ਸਾਡੇ ਦੇਸ਼ 'ਚ ਤਾਂ ਹਜ਼ਾਰਾਂ, ਲੱਖਾਂ, ਬੱਚਿਆਂ ਨੂੰ ਕੁਪੋਸ਼ਣ, ਹਾਦਸਿਆਂ ਆਦਿ ਕਾਰਨ ਆਪਣੀ ਜਾਨ ਗੁਆਉਣੀ ਪੈ ਜਾਂਦੀ ਹੈ। ਇਸ ਲਈ ਜਰੂਰੀ ਹੈ ਕਿ ਸਾਡੀਆਂ ਸਰਕਾਰਾਂ, ਮਾਪਿਆਂ, ਅਧਿਆਪਕਾਂ, ਲੋਕਾਂ ਆਦਿ ਨੂੰ ਬੱਚਿਆਂ ਦੀ ਸੁਰੱਖਿਆ ਪ੍ਰਤੀ ਲਾਪ੍ਰਵਾਹੀ ਛੱਡਣ ਤੇ ਸਿਆਣਪ ਵਰਤਣ ਵਾਲੇ ਰਾਹ ਪੈਣ ਦੀ ਸਖਤ ਲੋੜ ਹੈ।

# ਮੱਧਮ ਨਾ ਹੋਣ ਦਿਓ ਰੌਸ਼ਨੀਆਂ



ਆਦਮੀ ਦੇ ਢਲਦੇ ਸਰੀਰ ਨੂੰ ਬੁਢਾਪਾ ਕਿਹਾ ਗਿਆ ਹੈ। ਲਗਾਤਾਰ ਜੀਵਨ ਜਿਊਂਦਿਆਂ ਆਦਮੀ ਦੇ ਸਰੀਰ ਦੀਆਂ ਗ੍ਰੰਥੀਆਂ ਥੱਕ ਜਾਂਦੀਆਂ ਹਨ। ਚਮੜੀ ਸੁੰਗੜਨ ਲੱਗਦੀ ਹੈ। ਅੱਖਾਂ ਦੀ ਰੌਸ਼ਨੀ ਅਤੇ ਕੰਨਾਂ ਦੀ ਸੁਣਨ ਸ਼ਕਤੀ ਘੱਟ ਜਾਂਦੀ ਹੈ। ਦੰਦ ਡਿੱਗਣ ਲੱਗ ਪੈਂਦੇ ਹਨ। ਵਾਲ ਸਫ਼ੈਦ ਹੋਣ ਲੱਗਦੇ ਹਨ। ਚੱਲਦਿਆਂ ਚੱਲਦਿਆਂ ਜਿਵੇਂ ਮਸ਼ੀਨ ਘਸਣ ਲੱਗਦੀ ਹੈ, ਉਸੇ ਤਰ੍ਹਾਂ ਆਦਮੀ ਦੇ ਸਰੀਰ ਰੂਪੀ ਪੁਰਜੇ ਵੀ ਘਸਣ ਲੱਗਦੇ ਹਨ। ਇਸੇ ਦਾ ਨਾਮ ਬੁਢਾਪਾ ਹੈ। ਜਿਸ ਦਿਨ ਇਹ ਮਸ਼ੀਨ ਕੰਮ ਕਰਨਾ ਬੰਦ ਕਰ ਦਿੰਦੀ ਹੈ, ਉਹ ਛਿਣ ਮੌਤ ਕਹਾਉਂਦਾ ਹੈ।

ਆਦਮੀ ਦੀ ਮੌਤ ਵੱਲ ਵਧਦੀ ਢਲਾਨ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਸ਼ਾਨਦਾਰ, ਦੂਜੀ ਘਟੀਆ। ਸ਼ਾਨਦਾਰ ਢਲਾਣ ਵਾਲੇ ਬੰਦੇ ਦੇ ਚਿਹਰੇ ਉੱਤੇ ਰੌਣਕ, ਬੁੱਲ੍ਹਾਂ ਉੱਤੇ ਮੁਸਕਾਨ, ਕੰਮ ਕਰਨ ਵਿੱਚ ਦਿਲਚਸਪੀ ਅਤੇ ਜਵਾਨਾਂ ਵਰਗੀ ਫੁਰਤੀ ਹੁੰਦੀ ਹੈ। ਘਟੀਆ ਢਲਾਣ ਵਾਲੇ ਬੰਦੇ ਮੰਜੇ ਉੱਤੇ ਅੱਡੀਆਂ ਗੋਡੇ ਰਗੜ-ਰਗੜ ਕੇ ਅਤੇ ਸਿਸਕੀਆਂ ਭਰਦੇ ਹੋਏ ਦਮ ਤੋੜਦੇ ਹਨ। ਕੀ ਤੁਸੀਂ ਅਜਿਹੀ ਮੌਤ ਮਰਨਾ ਪਸੰਦ ਕਰੋਗੇ ? ਨਹੀਂ ਨਾ! ਅਜਿਹੀ ਦਰਦਨਾਕ ਮੌਤ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ ਜੇਕਰ ਤੁਹਾਡੇ ਮਨ ਵਿੱਚ ਹਰ ਵੇਲੇ ਜਵਾਨ ਬਣੇ ਰਹਿਣ ਦੀ ਭਾਵਨਾ ਬਣੀ ਰਹੇ। ਇਸ ਭਾਵਨਾ ਨੂੰ ਬਰਕਰਾਰ ਰੱਖਣਾ ਕਿਸੇ ਸਾਧਨਾ ਤੋਂ ਘੱਟ ਨਹੀਂ ਹੁੰਦਾ। ਚਾਲੀ-ਪੰਜਾਹ ਪਾਰ ਕਰਦਿਆਂ ਹੀ ਸਾਡੇ ਲਈ ਸੰਬੋਧਨ ਬਦਲ ਜਾਂਦੇ ਹਨ। ਚਾਚਾ ਜੀ, ਤਾਇਆ ਜੀ, ਮਾਮਾ ਜੀ। ਪੈਰ-ਪੈਰ 'ਤੇ ਇਹ ਸੰਬੋਧਨ ਸਾਨੂੰ ਬੁਢਾਪੇ ਦਾ ਅਹਿਸਾਸ ਕਰਾਉਂਦੇ ਰਹਿੰਦੇ ਹਨ। ਖ਼ਾਸਕਰ ਔਰਤਾਂ ਨੂੰ ਮਾਤਾ ਜੀ, ਤਾਈ ਜੀ ਸ਼ਬਦ ਤੋਂ ਚਿੜ ਹੁੰਦੀ ਹੈ। ਸਿਰਫ਼ ਇੱਕ 'ਭੈਣ ਜੀ' ਦਾ ਸੰਬੋਧਨ ਹੀ ਉਨ੍ਹਾਂ ਲਈ ਸੁਖਦ ਹੁੰਦਾ ਹੈ। ਆਦਮੀ ਵੀ ਇਸ ਤਰ੍ਹਾਂ ਦੇ 'ਬੁੱਢਾ' ਹੋਣ ਦੇ ਸੰਬੋਧਨ ਸੁਣ ਕੇ ਅੰਦਰੋਂ ਅੰਦਰੀ ਬਹੁਤ ਔਖੇ ਹੁੰਦੇ ਹਨ। ਇਸ ਅਹਿਸਾਸ ਦੇ ਹੁੰਦਿਆਂ ਆਪਣੇ ਆਪ ਨੂੰ ਸਦਾ ਜਵਾਨ ਸਮਝਣਾ ਜਾਂ ਬੁੱਢਾ ਨਾ ਸਮਝਣ ਦੀ ਭਾਵਨਾ ਨੂੰ ਮਨ ਵਿੱਚ ਕਾਇਮ ਰੱਖਣਾ ਕਿਸੇ ਤਪੱਸਿਆ ਤੋਂ ਘੱਟ ਨਹੀਂ ਹੁੰਦਾ ਕਿਉਂਕਿ ਚੁਸਤੀ-ਫੁਰਤੀ ਜਾਂ ਗੱਭਰੂਆਂ ਵਰਗੀ ਚਾਲ ਢਾਲ ਵਿਖਾਉਣਾ ਸਾਨੂੰ ਮਖੌਲ ਦਾ ਪਾਤਰ ਵੀ ਬਣਾ ਦਿੰਦਾ ਹੈ।

ਇਨ੍ਹਾਂ ਹਾਲਾਤ ਦੇ ਹੁੰਦਿਆਂ ਆਪਣੇ ਆਪ ਨੂੰ ਜਵਾਨ ਬਣਾਈ ਰੱਖਣਾ ਸੱਚ-ਮੁਚ ਹੀ ਔਖਾ ਕੰਮ ਹੈ, ਪਰ ਫਿਰ ਵੀ ਜੇਕਰ ਅਸੀਂ ਇਹ ਅਹਿਸਾਸ ਬਣਾ ਕੇ ਰੱਖਦੇ ਹਾਂ ਤਾਂ ਹੀ ਬੁਢਾਪਾ ਸਫ਼ਲ ਹੋ ਸਕਦਾ ਹੈ। ਵੈਸੇ ਵੀ ਇਹ ਸਮਝਿਆ ਜਾਂਦਾ ਹੈ ਕਿ ਸਰੀਰ ਬੁੱਢਾ ਹੋ ਜਾਂਦਾ ਹੈ, ਪਰ ਮਨ ਸਦਾ ਜਵਾਨ ਬਣਿਆ ਰਹਿੰਦਾ ਹੈ। ਜੇਕਰ ਤੁਸੀਂ ਆਪਣੇ ਆਪ ਨੂੰ ਸਦਾ ਤਰੋਤਾਜ਼ਾ ਮਹਿਸੂਸ ਕਰਦੇ ਰਹੋ ਤਾਂ ਤੁਸੀਂ ਬੁਢਾਪੇ ਵਿੱਚ ਵੀ ਤੰਦਰੁਸਤ ਰਹਿ ਸਕਦੇ ਹੋ। ਇਹ ਕਦੇ ਨਾ ਸੋਚੋ ਕਿ ਅਸੀਂ ਬੁੱਢੇ ਹੋ ਗਏ ਹਾਂ ਅਤੇ ਮਿਹਨਤ ਨਹੀਂ ਕਰ ਸਕਦੇ। ਮਨ ਵਿੱਚ ਬੁਢਾਪੇ ਦਾ ਜ਼ਰਾ ਜਿੰਨਾ ਅਹਿਸਾਸ ਵੀ ਨਹੀਂ ਹੋਣਾ ਚਾਹੀਦਾ। ਜਿਵੇਂ ਹੀ ਤੁਸੀਂ ਬੁਢਾਪੇ ਦਾ ਅਹਿਸਾਸ ਕਰਨਾ ਸ਼ੁਰੂ ਕਰ ਦਿੰਦੇ ਹੋ ਉਦੋਂ ਹੀ ਤੁਹਾਡੇ ਹੱਥ ਪੈਰ ਢਿੱਲੇ ਹੋ ਜਾਂਦੇ ਹਨ। ਮਾਸਪੇਸ਼ੀਆਂ ਸੁੰਗੜ ਜਾਂਦੀਆਂ ਹਨ ਅਤੇ ਤੁਸੀਂ ਨਿਢਾਲ ਹੋ ਕੇ ਲੁੜਕ ਜਾਂਦੇ ਹੋ। ਤੁਹਾਡੀ ਇਸੇ ਕਮਜ਼ੋਰੀ ਦਾ ਲਾਭ ਉਠਾ ਕੇ ਹੀ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਤੁਹਾਡੇ ਉੱਤੇ ਹਮਲਾ ਕਰ ਦਿੰਦੀਆਂ ਹਨ ਅਤੇ ਤੁਸੀਂ ਮੰਜੇ ਨਾਲ ਮੰਜਾ ਹੋ ਜਾਂਦੇ ਹੋ।

ਬੁਢਾਪਾ ਸੋਚਣ ਨਾਲ ਆਉਂਦਾ ਹੈ। ਜੇਕਰ ਤੁਸੀਂ ਆਪਣੇ ਭੂਤਕਾਲ ਦੇ ਉਧੇੜ-ਬੁਣ ਵਿੱਚ ਨਹੀਂ ਪੈਂਦੇ, ਯਾਰਾਂ-ਦੋਸਤਾਂ, ਰਿਸ਼ਤੇਦਾਰਾਂ ਅਤੇ ਆਸ-ਪਾਸ ਦੇ ਲੋਕਾਂ ਨਾਲ ਮਾੜਾ ਵਤੀਰਾ ਨਹੀਂ ਕਰਦੇ, ਨਵੇਂ-ਨਵੇਂ ਕੰਮ ਕਰਨ ਤੋਂ ਜੀ ਨਹੀਂ ਚੁਰਾਉਂਦੇ ਤਾਂ ਬੁਢਾਪਾ ਤੁਹਾਡੇ ਨੇੜੇ ਫਟਕ ਵੀ ਨਹੀਂ ਸਕਦਾ। ਜਿਹੜੇ ਬੰਦੇ ਸਦਾ ਨਵੀਆਂ-ਨਵੀਆਂ ਗੱਲਾਂ ਸੋਚਦੇ ਰਹਿੰਦੇ ਹਨ, ਨਵੇਂ-ਨਵੇਂ ਕੰਮਾਂ ਵਿੱਚ ਹਰ ਵੇਲੇ ਦਿਲਚਸਪੀ ਰੱਖਦੇ ਹਨ, ਹਰ ਵੇਲੇ ਖ਼ੁਸ਼-ਖ਼ੁਸ਼ ਅਤੇ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ ਉਹ ਕਦੇ ਵੀ ਢਲਦੀ ਉਮਰ ਦੀ ਪ੍ਰਕਿਰਿਆ ਨੂੰ ਮਹਿਸੂਸ ਨਹੀਂ ਕਰਦੇ।

ਜਵਾਨੀ ਦਾ ਸੁਪਨਾ ਕਦੇ ਨਾ ਤੋੜੋ। ਉਹ ਸਾਰੇ ਆਦਰਸ਼ ਅਤੇ ਕਲਪਨਾਵਾਂ ਜੋ ਤੁਹਾਨੂੰ ਪ੍ਰੇਰਨਾ ਦਿੰਦੀਆਂ ਹਨ, ਉਹ ਹੀ ਜਵਾਨੀ ਦਾ ਭੇਦ ਹਨ। ਕਲਪਨਾਵਾਂ ਅਤੇ ਰੰਗੀਨੀਆਂ ਨੂੰ ਕਦੇ ਵੀ ਮੱਧਮ ਨਾ ਹੋਣ ਦੇਵੋ, ਬੁਢਾਪਾ ਤੁਹਾਨੂੰ ਕਦੇ ਨਹੀਂ ਸਤਾਏਗਾ।

ਬੁਢਾਪੇ ਦੀ ਭਾਵਨਾ ਸਾਡੇ ਸਰੀਰ ਦੇ ਪੋਸ਼ਕ ਤੱਤਾਂ ਨੂੰ ਆਪਣਾ ਕੰਮ ਨਹੀਂ ਕਰਨ ਦਿੰਦੀ। ਨਾਕਾਰਾਤਮਕ ਮਾਨਸਿਕਤਾ ਦੇ ਹੁੰਦਿਆਂ ਜੇਕਰ ਅਸੀਂ ਕਦੇ ਬਿਮਾਰ ਹੋ ਜਾਂਦੇ ਹਾਂ ਤਾਂ ਸਾਡਾ ਸਰੀਰ ਰੋਗਾਂ ਦਾ ਸਾਹਮਣਾ ਨਹੀਂ ਕਰ ਸਕਦਾ ਅਤੇ ਅਸੀਂ ਮੰਜਾ ਫੜ ਲੈਂਦੇ ਹਾਂ। ਚੰਗਾ ਭਲਾ ਆਦਮੀ ਵੀ ਆਪਣੇ ਭੈੜੇ ਸੁਪਨਿਆਂ ਕਰਕੇ ਬੇਕਾਰ ਹੋ ਜਾਂਦਾ ਹੈ। ਭਾਵਨਾਵਾਂ ਹੀ ਸਾਨੂੰ ਨਿਰਬਲ ਜਾਂ ਬਲਵਾਨ ਬਣਾ ਕੇ ਰੱਖਦੀਆਂ ਹਨ।

# ਹਮਾਯੂੰ ਦੀ ਗੁਰੂ ਘਰ ਪ੍ਰਤੀ ਗੁਸਤਾਖੀ ਅਤੇ ਬਾਦਸ਼ਾਹ ਅਕਬਰ ਦੀ ਹਲੀਮੀ ਸਿੱਖ ਇਤਿਹਾਸ ਦੇ ਪੰਨੇ ਬਣ ਗਏ

**ਬਹਾਦਰ ਸਿੰਘ ਗੋਸਲ**
ਮੋ:98764-52223





**ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਉਸ ਸਮੇਂ ਗੁਰੂ ਜੀ "ਮੱਲ ਅਖਾੜੇ" ਵਿੱਚ ਬੱਚਿਆਂ ਦੀਆਂ ਕੁਸ਼ਤੀਆਂ ਦੇਖਣ ਵਿੱਚ ਮਗਨ ਸਨ ਉਨ੍ਹਾਂ ਨੇ ਹਮਾਯੂੰ ਵੱਲ ਬਿਲਕੁਲ ਧਿਆਨ ਨਾ ਦਿੱਤਾ ਜਿਸ ਕਾਰਣ ਹਮਾਯੂ ਦਾ ਹੰਕਾਰ ਉਸਦੇ ਸਿਰ ਨੂੰ ਅਜਿਹਾ ਚੜ੍ਹਿਆ ਕਿ ਉਸਨੇ ਗੁਰੂ ਘਰ ਪ੍ਰਤੀ ਗੁਸਤਾਖੀ ਦਾ ਰੁੱਖ ਅਪਨਾ ਲਿਆ ਅਤੇ ਗੁੱਸੇ ਵਿੱਚ ਆ ਕੇ ਗੁਰੂ ਜੀ ਤੇ ਤਲਵਾਰ ਕੱਢ ਲਈ। ਜਦੋਂ ਗੁਰੂ ਜੀ ਨੇ ਉਸ ਵੱਲ ਦੇਖਿਆ ਤਾਂ ਮੁਸਕਰਾਉਂਦੇ ਹੋਇਆ ਨੇ ਕਿਹਾ, "ਚੱਲਣ ਵੇਲੇ ਤਾਂ ਚੱਲੀ ਨਹੀਂ, ਹੁਣ ਇਸ ਨੂੰ ਮਿਆਨ ਵਿੱਚ ਹੀ ਰਹਿਣ ਦੇ , ਇਸ ਦਾ ਵੇਲਾ ਆ ਲੈਣ ਦੇ। ਫ਼ਕੀਰਾਂ ਤੇ ਉਠਾਣਾ ਇਸ ਦਾ ਧਰਮ ਨਹੀਂ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਹਮਾਯੂ ਨੂੰ ਸਮਝ ਲੱਗ ਗਈ ਅਤੇ ਉਸਨੇ ਗੁਰੂ ਜੀ ਦੇ ਚਰਨ ਫੜ੍ਹ ਮਿੰਨਤਾਂ-ਤਰਲੇ ਸ਼ੁਰੂ ਕਰ ਦਿੱਤੇ। " ਗੁਰੂ ਜੀ ਨੇ ਵੀ ਉਸਨੂੰ ਸਬਰ, ਸੰਤੋਖ ਅਤੇ ਹੌਂਸਲਾ ਰੱਖਣ ਦਾ ਉਪਦੇਸ਼ ਦਿੱਤਾ। ਇਹ ਸਾਰੀ ਘਟਨਾ ਸੰਨ 1540 ਈ: ਵਿੱਚ ਖਡੂਰ ਸਾਹਿਬ ਵਿਖੇ ਵਾਪਰੀ ਸੀ। ਪਰ ਇਸ ਘਟਨਾ ਨੇ ਨਿਮਰਤਾ ਅਤੇ ਨਿੱਡਰਤਾ ਦਾ ਉਪਦੇਸ਼ ਸਾਰੀ ਸੰਗਤ ਨੂੰ ਦੇ ਦਿੱਤਾ।**

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਅੱਸੂ ਸੁਦੀ 10, ਸੰਮਤ 1596 ਅਰਥਾਤ 5 ਸਤੰਬਰ 1539 ਈ: ਨੂੰ ਜੋਤੀ ਜੋਤ ਸਮਾਏ ਪਰ ਉਸ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਅਨਿਨ ਸੇਵਕ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ੀ। ਗੁਰਗੱਦੀ ਬਖਸ਼ਣ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਲਾ ਅਤੇ ਪੋਥੀ ਭਾਈ ਲਹਿਣਾ ਜੀ ਨੂੰ ਦਿੱਤੀ ਅਤੇ ਭਾਈ ਲਹਿਣਾ ਜੀ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। ਉਸ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਛੱਡ ਦਿੱਤਾ ਅਤੇ ਖਡੂਰ ਸਾਹਿਬ ਚਲੇ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ ਸਦਾ ਹੀ ਨਿਮਰਤਾ ਭਰਪੂਰ ਰਿਹਾ ਹੈ। ਪ੍ਰਿੰ ਸਤਿਬੀਰ ਸਿੰਘ ਨੇ ਗਿਆਨੀ ਗਿਆਨ ਜੀ ਦੇ ਹਵਾਲੇ ਨਾਲ ਲਿਖਿਆ ਕਿ, "ਹਰ ਵੇਲੇ ਗੁਰੂ ਅੰਗਦ ਪਾਸ ਸਤਿਸੰਗ ਦਾ ਪਰਚਾ, ਲੰਗਰ ਦਾ ਖਰਚਾ ਅਤੇ ਹਰੀ ਦਾ ਚਰਚਾ ਬਣੇ ਰਹਿੰਦੇ ਸਨ। " ਆਪ ਜੀ ਦੇ ਲਈ ਖਾਣਾ ਮਾਤਾ ਖੀਵੀ ਜੀ ਘਰੋਂ ਤਿਆਰ ਕਰਕੇ ਭੇਜਦੇ ਸਨ। ਇਸ ਤਰ੍ਹਾਂ ਜਦੋਂ ਆਪ ਸੰਗਤਾਂ ਨੂੰ ਨਾਮ ਦੀ ਦਾਤ ਵੰਡਦੇ ਸਨ ਤਾਂ ਉਸ ਸਮੇਂ ਮਾਤਾ ਖੀਵੀ ਜੀ ਸੰਗਤਾਂ ਲਈ ਲੰਗਰ ਤਿਆਰ ਕਰਦੇ ਅਤੇ ਇਸ ਲੰਗਰ ਵਿੱਚ ਸਦਾ ਘਿਓ ਵਾਲੀ ਖੀਰ ਵੀ ਵਰਤਾਈ ਜਾਂਦੀ। ਮਾਤਾ ਜੀ ਆਪ ਲੰਗਰ ਵਿੱਚ ਸੇਵਾ ਕਰਦੇ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਨਿੱਤ ਦਾ ਜੀਵਨ ਵੀ ਅੰਮ੍ਰਿਤ ਵੇਲੇ ਉਠ ਕੇ, ਨਾਮ ਜਪ ਕੇ, ਸੰਗਤਾਂ ਨੂੰ ਦਰਸ਼ਨਾਂ ਲਈ ਪੁੱਜਣ ਨਾਲ ਸ਼ੁਰੂ ਹੁੰਦਾ। ਆਪ ਨਿਮਰਤਾ ਦੇ ਪੁੰਜ ਸਨ ਅਤੇ ਸਦਾ ਨਾਮ ਦਾ ਧੰਨ ਦੇਣ ਦੇ ਨਾਲ ਸੇਵਾ ਅਤੇ ਕਾਦਰ ਦੀ ਕੁਦਰਤ ਵਿੱਚ ਰਹਿਣ ਦਾ ਉਪਦੇਸ਼ ਦੇਂਦੇ। ਗੁਰੂ ਜੀ ਨੇ ਆਪ ਫੁਰਮਾਇਆ ਹੈ, "ਭਾਈ ਸੇਵਕ ਦਾ ਕੰਮ ਸੇਵਾ ਕਰਨਾ ਹੈ, ਹੁਕਮ ਵਿੱਚ ਰਹਿਣਾ ਹੈ ਅਤੇ ਉਸਦੇ ਹੁਕਮ ਵਿੱਚ ਰਹਿਣ ਵਿੱਚ ਜ਼ਿੰਦਗੀ ਹੈ।" ਪਰ ਆਪ ਮਹਾਨ ਅਧਿਆਤਮਿਕ ਸ਼ਕਤੀ ਹੋਣ ਦੇ ਨਾਲ-ਨਾਲ ਨਿਡਰਤਾ ਦਾ ਸਰੂਪ ਸਨ। ਸਿੱਖ ਇਤਿਹਾਸ ਅਨੁਸਾਰ ਜਦੋਂ ਸ਼ੇਰਸ਼ਾਹ ਸੂਰੀ ਨੇ ਹਮਾਯੂੰ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ ਤਾਂ ਹਮਾਯੂੰ ਜਾਨ ਬਚਾਉਣ ਲਈ ਆਗਰੇ ਤੋਂ ਭੱਜ ਕੇ ਪੰਜਾਬ ਵੱਲ ਆ ਗਿਆ। ਸੁਲਤਾਨ ਪੁਰ ਨੇੜੇ ਆ ਕੇ ਉਸ ਨੂੰ ਪਤਾ ਲੱਗਿਆ ਕਿ ਇਸ ਇਲਾਕੇ ਵਿੱਚ ਉੱਚ ਕੋਟੀ ਦੇ ਮਹਾਨ ਦਰਵੇਸ਼ ਰਹਿੰਦੇ ਹਨ ਤਾਂ ਉਸਨੇ ਮਿਲਣ ਦਾ ਮਨ ਬਣਾਇਆ ਅਤੇ ਉਸ ਨੂੰ ਪਤਾ ਲੱਗਿਆ ਕਿ ਜਰਨੈਲੀ ਸੜਕ ਤੋਂ ਥੋੜ੍ਹੀ ਦੂਰ ਖਡੂਰ ਨਾਂ ਦੇ ਪਿੰਡ ਵਿੱਚ ਦੂਜੇ ਗੁਰੂ ਰਹਿੰਦੇ ਹਨ ਤਾਂ ਉਹ ਆਪਣੇ ਅਧਿਕਾਰੀਆਂ ਅਤੇ ਚੌਣਵੇਂ ਸਿਪਾਹੀਆਂ ਨਾਲ ਖਡੂਰ ਸਾਹਿਬ ਪਹੁੰਚ ਗਿਆ।

ਉਸ ਸਮੇਂ ਦੂਜੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਨਾਮ ਸਿਮਰਨ ਲਈ ਸਮਾਧੀ ਵਿੱਚ ਜੁੜੇ ਹੋਏ ਸਨ। ਪਰ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਉਸ ਸਮੇਂ ਗੁਰੂ ਜੀ "ਮੱਲ ਅਖਾੜੇ" ਵਿੱਚ ਬੱਚਿਆਂ ਦੀਆਂ ਕੁਸ਼ਤੀਆਂ ਦੇਖਣ ਵਿੱਚ ਮਗਨ ਸਨ ਉਨ੍ਹਾਂ ਨੇ ਹਮਾਯੂੰ ਵੱਲ ਬਿਲਕੁਲ ਧਿਆਨ ਨਾ ਦਿੱਤਾ ਜਿਸ ਕਾਰਣ ਹਮਾਯੂ ਦਾ ਹੰਕਾਰ ਉਸਦੇ ਸਿਰ ਨੂੰ ਅਜਿਹਾ ਚੜ੍ਹਿਆ ਕਿ ਉਸਨੇ ਗੁਰੂ ਘਰ ਪ੍ਰਤੀ ਗੁਸਤਾਖੀ ਦਾ ਰੁੱਖ ਅਪਨਾ ਲਿਆ ਅਤੇ ਗੁੱਸੇ ਵਿੱਚ ਆ ਕੇ ਗੁਰੂ ਜੀ ਤੇ ਤਲਵਾਰ ਕੱਢ ਲਈ। ਜਦੋਂ ਗੁਰੂ ਜੀ ਨੇ ਉਸ ਵੱਲ ਦੇਖਿਆ ਤਾਂ ਮੁਸਕਰਾਉਂਦੇ ਹੋਇਆ ਨੇ ਕਿਹਾ, "ਚੱਲਣ ਵੇਲੇ ਤਾਂ ਚੱਲੀ ਨਹੀਂ, ਹੁਣ ਇਸ ਨੂੰ ਮਿਆਨ ਵਿੱਚ ਹੀ ਰਹਿਣ ਦੇ , ਇਸ ਦਾ ਵੇਲਾ ਆ ਲੈਣ ਦੇ। ਫ਼ਕੀਰਾਂ ਤੇ ਉਠਾਣਾ ਇਸ ਦਾ ਧਰਮ ਨਹੀਂ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਹਮਾਯੂ ਨੂੰ ਸਮਝ ਲੱਗ ਗਈ ਅਤੇ ਉਸਨੇ ਗੁਰੂ ਜੀ ਦੇ ਚਰਨ ਫੜ੍ਹ ਮਿੰਨਤਾਂ-ਤਰਲੇ ਸ਼ੁਰੂ ਕਰ ਦਿੱਤੇ। " ਗੁਰੂ ਜੀ ਨੇ ਵੀ ਉਸਨੂੰ ਸਬਰ, ਸੰਤੋਖ ਅਤੇ ਹੌਂਸਲਾ ਰੱਖਣ ਦਾ ਉਪਦੇਸ਼ ਦਿੱਤਾ। ਇਹ ਸਾਰੀ ਘਟਨਾ ਸੰਨ 1540 ਈ: ਵਿੱਚ ਖਡੂਰ ਸਾਹਿਬ ਵਿਖੇ ਵਾਪਰੀ ਸੀ। ਪਰ ਇਸ ਘਟਨਾ ਨੇ ਨਿਮਰਤਾ ਅਤੇ ਨਿੱਡਰਤਾ ਦਾ ਉਪਦੇਸ਼ ਸਾਰੀ ਸੰਗਤ ਨੂੰ ਦੇ ਦਿੱਤਾ।

ਧੰਨ ਧੰਨ ਗੁਰੂ ਅਮਰਦਾਸ ਜੀ ਲਗਾਤਾਰ 13 ਸਾਲ ਤੱਕ ਸੰਨ 1551 ਈ: ਤੱਕ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਦੇ ਸਨ ਜਦੋਂ ਦੂਜੇ ਗੁਰੂ ਜੀ 29 ਮਾਰਚ 1552 ਈ: ਨੂੰ 48 ਸਾਲ ਦੀ ਉਮਰ ਵਿੱਚ ਪ੍ਰਲੋਕ ਗਮਨ ਕਰ ਗਏ ਤਾਂ ਉਸ ਤੋਂ ਪਹਿਲਾਂ ਆਪ ਜੀ ਨੇ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਗੁਰਗੱਦੀ ਬਖ਼ਸ਼ਿਸ਼ ਕੀਤੀ। ਸ੍ਰੀ ਗੁਰੂ ਅਮਰ ਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਲੰਗਰ ਦੀ ਪ੍ਰਥਾ, ਜਾਤ-ਪਾਤ ਦੀ ਵਿਰੋਧਤਾ ਨੀਵੀਆਂ ਜਾਤਾਂ ਨੂੰ ਪਿਆਰ ਕਰਨ ਜਿਹੀਆਂ ਸਿੱਖੀ ਰਿਵਾਇਤਾਂ ਨੂੰ ਜਾਰੀ ਰੱਖਦੇ ਹੋਏ 'ਸੰਗਤ' ਨਾਲ 'ਪੰਗਤ' ਦੀ ਮਰਯਾਦਾ ਜੋ ਦੂਜੇ ਗੁਰੂ ਜੀ ਵੱਲੋਂ ਸ਼ੁਰੂ ਕੀਤੀ ਗਈ ਸੀ ਉਸ ਨੂੰ ਹੋਰ ਪ੍ਰਪੱਕਤਾ ਬਖਸ਼ੀ। ਨਿਮਰਤਾ ਅਤੇ ਸੇਵਾ ਦੇ ਪੁੰਜ ਸ੍ਰੀ ਗੁਰੂ ਅਮਰ ਦਾਸ ਜੀ ਨੇ ਹੁਕਮ ਦਿੱਤਾ ਕਿ ਜੋ ਵੀ ਉਨ੍ਹਾਂ ਦੇ ਦਰਸ਼ਨਾਂ ਲਈ ਆਵੇ ਤਾਂ ਪਹਿਲਾ ਲੰਗਰ ਵਿਚੋਂ ਪੰਗਤ ਵਿੱਚ ਬੈਠ ਕੇ ਲੰਗਰ ਛੱਕ ਕੇ ਆਵੇ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਪ੍ਰਸਿਧ ਇਤਿਹਾਸਕਾਰ ਲਤੀਫ ਦੇ ਕਹਿਣ ਅਨੁਸਾਰ ਵਿਖਿਆਨ ਕਰਦੇ ਹਨ ਕਿ ਸ੍ਰੀ ਗੁਰੂ ਅਮਰ ਦਾਸ ਜੀ ਨੇ ਗੋਇੰਦਵਾਲ ਵਿਖੇ ਲੂਣ-ਤੇਲ ਦੀ ਹੱਟੀ ਖੋਲ੍ਹੀ ਹੋਈ ਸੀ ਅਤੇ ਆਪ ਆਪਣੀ ਕਿਰਤ ਵਿਚੋਂ ਆਪਣਾ ਖਾਣਾ ਛਕਦੇ ਹਨ ਅਤੇ ਲੰਗਰ ਤੋਂ ਰਸਦ ਤੱਕ ਨਹੀਂ ਸੀ ਲੈਂਦੇ। ਗੁਰੂ ਜੀ ਤਾਂ ਕੇਵਲ ਨੇਕੀ ਅਤੇ ਬੰਦਗੀ ਉਤੇ ਹੀ ਜ਼ੋਰ ਦੇਂਦੇ ਸਨ ਪਰ ਫਿਰ ਵੀ ਉਨ੍ਹਾਂ ਦੇ ਵਿਰੋਧੀ ਅਤੇ ਕੱਟੜ ਸਨਾਤਨੀ, ਗੁਰੂ ਜੀ ਦੇ ਵਿਰੁੱਧ ਪ੍ਰਚਾਰ ਕਰਦੇ ਅਤੇ ਗੋਂਦੇ ਮਰਵਾਹੇ ਨੂੰ ਗੁਰੂ ਜੀ ਵਿਰੁੱਧ ਭੜਕਾਉਂਦੇ ਰਹਿੰਦੇ ਜੋ ਸਮੇਂ-ਸਮੇਂ ਤੇ ਲਾਹੌਰ ਦੇ ਨਵਾਬ ਨੂੰ ਸ਼ਿਕਾਇਤਾਂ ਭੇਜਦਾ ਰਹਿੰਦਾ। ਇੱਥੋਂ ਤੱਕ ਕਿ ਲਾਹੌਰ ਦੇ ਹਾਕਮ ਖ਼ਵਾਜਾ ਖਾਨ ਸ਼ਿਕਾਇਤਾਂ ਦੇ ਨਿਪਟਾਰੇ ਲਈ ਗੋਇੰਦਵਾਲ ਆਇਆ ਅਤੇ ਉਸਨੇ ਸਭ ਸ਼ਿਕਾਇਤਾਂ ਨੂੰ ਝੂਠੀਆਂ ਕਰਾਰ ਦਿੱਤਾ। ਪਰ ਗੁਰੂ ਜੀ ਦੇ ਵਿਰੋਧੀ ਚੁੱਪ ਕਰਕੇ ਬੈਠਣ ਵਾਲੇ ਨਹੀਂ ਸਨ ਉਨ੍ਹਾਂ ਨੇ ਮਰਮਾਹੇ ਦੇ ਪੁੱਤਰ ਅਤੇ ਨੌਕਰ ਨੂੰ ਅਕਬਰ ਪਾਸ ਸ਼ਿਕਾਇਤ ਲਈ ਦਿੱਲੀ ਭੇਜ ਦਿੱਤਾ, ਪਰ ਅਕਬਰ ਦੇ ਅਹਿਲਕਾਰਾਂ ਨੇ ਅਕਬਰ ਨੂੰ ਦੱਸਿਆ ਕਿ ਲਾਹੌਰ ਦਾ ਨਵਾਬ ਇਸ ਦੀ ਪਹਿਲਾ ਹੀ ਜਾਂਚ ਕਰ ਚੁੱਕਿਆ ਹੈ ਅਤੇ ਗੁਰੂ ਜੀ ਦਾ ਲੰਗਰ, ਹਿੰਦੂ, ਮੁਸਲਮਾਨ, ਗਰੀਬ, ਅਮੀਰ, ਜਾਤ-ਪਾਤ ਤੋਂ ਰਹਿਤ ਸਭ ਲਈ ਖੁਲ੍ਹਾ ਹੈ ਅਤੇ ਸਭ ਨੂੰ ਖਾਣਾ ਮੁਫ਼ਤ ਵਿੱਚ ਮਿਲਦਾ ਹੈ ਕਿਸੇ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ ਕੀਤਾ ਜਾਂਦਾ ਤਾਂ ਅਕਬਰ ਪਰ ਇਸ ਗੱਲ ਦਾ ਭਰਪੂਰ ਅਸਰ ਹੋਇਆ। ਜਦੋਂ ਅਕਬਰ ਬਾਦਸ਼ਾਹ ਲਾਹੌਰ ਆਇਆ ਹੋਇਆ ਸੀ ਤਾਂ ਉਸਨੇ ਗੁਰੂ ਜੀ ਨੂੰ ਸੱਦਾ ਭੇਜਿਆ ਪਰ ਗੁਰੂ ਜੀ ਨੇ ਆਪਣੀ ਮਜ਼ਬੂਰੀ ਦੱਸਦੇ ਹੋਏ ਆਪਣੇ ਅਨਿਨ ਸੇਵਕ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮ ਦਾਸ ਜੀ ) ਨੂੰ ਲਾਹੌਰ ਭੇਜਿਆ ਅਤੇ ਭਾਈ ਜੇਠਾ ਜੀ ਨੇ ਦਲੀਲ ਪੱਖੀ ਰੂਪ ਵਿੱਚ ਅਕਬਰ ਦੇ ਸਾਰੇ ਭਰਮ ਅਤੇ ਤਰਕਾਂ ਦਾ ਜੁਆਬ ਬਹੁਤ ਹੀ ਵਧੀਆ ਢੰਗ ਨਾਲ ਦਿੱਤਾ ਤਾਂ ਉਸ ਸਮੇਂ ਬਾਦਸ਼ਾਹ ਅਕਬਰ ਨੇ ਖੁਦ ਆਪ ਗੋਇੰਦਵਾਲ ਆ ਕੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਖਾਹਿਸ ਪ੍ਰਗਟ ਕੀਤੀ।

ਸੰਨ 1565ਈ: ਸੰਮਤ 1622 ਨੂੰ ਜਦੋਂ ਬਾਦਸ਼ਾਹ ਅਕਬਰ ਦਿੱਲੀਓ ਲਾਹੌਰ ਜਾ ਰਿਹਾ ਸੀ ਤਾਂ ਉਹ ਗੋਇੰਦਵਾਲ ਆਇਆ ਅਤੇ ਉਸਨੇ ਗੁਰੂ ਘਰ ਬਾਰੇ ਬੜਾ ਕੁੱਝ ਸੁਣਿਆ ਹੋਇਆ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਉਸਦੇ ਬਾਬੇ ਬਾਬਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋ ਅਤੇ ਉਸਦੇ ਪਿਤਾ ਹਮਾਯੂੰ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸੋ ਵਰ ਅਤੇ ਅਸ਼ੀਰਵਾਦ ਪ੍ਰਾਪਤ ਕੀਤੀ ਹੋਈ ਸੀ। ਸ੍ਰੀ ਗੋਇੰਦਵਾਲ ਪਹੁੰਚ ਕੇ ਉਸਨੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨੇ ਚਾਹੇ। ਪਰ ਗੁਰੂ ਜੀ ਦੇ ਆਦੇਸ਼ ਬੜੇ ਸਖਤ ਸਨ ਕਿ ਉਨ੍ਹਾਂ ਦੇ ਦਰਸ਼ਨ ਕਰਨ ਤੋਂ ਪਹਿਲਾਂ ਹਰ ਵਿਅਕਤੀ ਭਾਵੇਂ ਕਿਸੇ ਵੀ ਧਰਮ, ਮਜ਼ਹਬ, ਜਾਤ, ਬਰਾਦਰੀ ਦਾ ਹੋਵੇ, ਅਮੀਰ ਹੋਵੇ ਜਾਂ ਗਰੀਬ ਹੋਵੇ ਪਹਿਲਾ ਪੰਗਤ ਵਿੱਚ ਬੈਠ ਕੇ ਲੰਗਰ ਛੱਕ ਕੇ ਆਵੇ ਤਾਂ ਹੀ ਉਹ ਗੁਰੂ ਦੇ ਦਰਸ਼ਨ ਕਰ ਸਕਦਾ ਹੈ। ਅਕਬਰ ਬਾਦਸ਼ਾਹ ਨੂੰ ਇਸ ਬਾਰੇ ਜਾਣਕਾਰੀ ਸੀ ਇਸ ਲਈ ਉਸਦੇ ਮਨ ਵਿੱਚ ਗੁਰੂ ਘਰ ਲਈ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਸੀ। ਉਸਨੇ ਗੁਰੂ ਜੀ ਨੂੰ ਮਿਲਣ ਲਈ ਬਹੁਤ ਹੀ ਹਲੀਮੀ ਦਾ ਸਬੂਤ ਦੇਂਦੇ ਹੋਏ ਪਹਿਲਾ ਪੰਗਤ ਵਿੱਚ ਬੈਠ ਲੰਗਰ ਛੱਕਣ ਦਾ ਪ੍ਰਣ ਨਿਭਾਇਆ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਦੋਂ ਅਕਬਰ ਪੈਦਲ ਚੱਲ ਕੇ ਤੀਜੇ ਪਾਤਸ਼ਾਹ ਜੀ ਨੂੰ ਮਿਲਣ ਆਇਆ ਤਾਂ ਕੁੱਝ ਵਿਅਕਤੀਆਂ ਨੇ ਰਸਤੇ ਵਿੱਚ ਉਸਦੇ ਆਗਮਨ ਲਈ ਰੇਸ਼ਮੀ ਕੱਪੜਾ (ਰੈਡ ਕਾਰਪਟ) ਵਿਛਾ ਦਿੱਤਾ ਪਰ ਅਕਬਰ ਨੇ ਉਸ ਪਰ ਪੈਰ ਨਹੀਂ ਰੱਖਿਆ ਅਤੇ ਉਸਨੂੰ ਉਠਾ ਕੇ ਪਰ੍ਹਾਂ ਕਰ ਦਿੱਤਾ ਅਤੇ ਇੱਕ ਨਿਮਾਣੇ ਸ਼ਰਧਾਲੂ ਦੀ ਤਰ੍ਹਾਂ ਪਹਿਲਾ ਲੰਗਰ ਵਿੱਚ ਪ੍ਰਵੇਸ਼ ਕੀਤਾ। ਬਾਕੀ ਸੰਗਤ ਦੇ ਨਾਲ ਅਕਬਰ ਨੇ ਵੀ ਪੰਗਤ ਵਿੱਚ ਬੈਠ ਲੰਗਰ ਵਿੱਚ ਪ੍ਰਸ਼ਾਦਿ ਛਕਿਆ। ਉਸ ਤੋਂ ਬਾਅਦ ਉਹ ਗੁਰੂ ਸੇਵਕ ਬਣ ਗੁਰੂ ਜੀ ਨੂੰ ਮਿਲਣ ਪਹੁੰਚਿਆ। ਗੁਰੂ ਘਰ ਦੇ ਪ੍ਰਬੰਧ ਅਤੇ ਸੇਵਾ ਘਾਲਣਾ ਨੂੰ ਦੇਖ ਕੇ ਅਕਬਰ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦੇ ਬਚਨ ਸੁਣ ਕੇ ਉਹ ਨਿਹਾਲੋ ਨਿਹਾਲ ਹੋ ਗਿਆ। ਹਰ ਪ੍ਰਕਾਰ ਦੇ ਲੋਕਾਂ ਨੂੰ ਮੁਫ਼ਤ ਵਿੱਚ ਲੰਗਰ ਛਕਾਉਣ ਦੀ ਭਾਵਨਾ, ਜਾਤੀ ਵਾਦ ਦੇ ਕਠੋਰ ਟਕੋਰ, ਨਿਮਰਤਾ, ਸੇਵਾ ਭਾਵਨਾ, ਮਿਲਵਰਤਨ ਦਾ ਅਦਰਸ਼ ਅਤੇ ਸਾਰੀ ਮਨੁੱਖਤਾ ਨੂੰ ਪਿਆਰ ਕਰਨ ਦਾ ਸੁਨੇਹਾ ਅਕਬਰ ਦੇ ਦਿਲ ਵਿੱਚ ਡੂੰਘਾ ਉਤਰ ਗਿਆ ਅਤੇ ਉਸਨੇ ਬਹੁਤ ਖੁਸ਼ ਹੋ ਕੇ ਲੰਗਰ ਦੇ ਨਾਮ ਜ਼ਮੀਨ ਲਗਾਉਣ ਦਾ ਫ਼ੈਸਲਾ ਕੀਤਾ। ਪਰ ਗੁਰੂ ਜੀ ਨੇ ਮਨਾ ਕੀਤਾ ਅਤੇ ਫੁਰਮਾਇਆ, "ਮੈਂ ਨਹੀਂ ਚਾਹੁੰਦਾ ਕਿ ਲੰਗਰ ਇਕ ਹੀ ਆਦਮੀ ਦੇ ਆਸਰੇ ਚੱਲੇ। ਇਹ ਸੰਗਤ ਦਾ ਹੈ ਅਤੇ ਸੰਗਤ ਹੀ ਚਲਾਏਗੀ। "

ਹੁਣ ਗੁਰੂ ਘਰ ਦੀ ਸ਼ਰਧਾ ਉਸ ਦੇ ਮਨ ਤੇ ਹੋਰ ਵੀ ਭਾਰੂ ਹੋ ਗਈ ਤਾਂ ਉਸਨੇ ਕਿਹਾ ਕਿ ਨਹੀਂ, ਉਹ ਤਾਂ ਇਸ ਮਹਾਨ ਕਾਰਜ ਲਈ ਜ਼ਮੀਨ ਜ਼ਰੂਰ ਦੇਣਾ ਚਾਹੁੰਦਾ । ਅਕਬਰ ਨੇ ਗੁਰੂ ਜੀ ਨੂੰ ਸੇਵਾ ਦਾ ਪਾਤਰ ਬਣਦੇ ਹੋਏ ਮਜ਼ਬੂਰ ਕੀਤਾ ਅਤੇ ਬੀਬੀ ਭਾਨੀ ਨੂੰ ਆਪਣੀ ਬੱਚੀ ਕਹਿ ਕੇ ਝਬਾਲ ਇਲਾਕੇ ਦੇ 22 ਪਿੰਡਾਂ ਦੀ ਜ਼ਮੀਨ ਬੀਬੀ ਜੀ ਦੇ ਨਾਂ ਲਗਵਾ ਦਿੱਤੀ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਪ੍ਰਸਿਧ ਸਾਹਿਤਕਾਰ ਕਨਿੰਘਮ ਦੇ ਹਵਾਲੇ ਨਾਲ ਲਿਖਿਆ ਹੈ ਗੁਰੂ ਜੀ ਨੇ ਅਕਬਰ ਵਿੱਚ ਇੱਕ ਚੰਗੇ ਸ੍ਰੋਤੇ ਨੂੰ ਪਾਇਆ ਕਿਉਂਕਿ ਉਹ ਲਗਾਤਾਰ ਗੁਰੂ ਜੀ ਦੇ ਬਚਨ ਸੁਣਦਾ ਹੀ ਰਿਹਾ। ਸਿੱਖ ਇਤਿਹਾਸ ਦੇ ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਅਕਬਰ ਬਾਦਸ਼ਹ ਨੇ ਗੁਰੂ ਜੀ ਦੇ ਕਹਿਣ ਪਰ ਹੀ 1663ਈ: ਵਿੱਚ ਯਾਤਰੂ ਟੈਕਸ ਅਤੇ ਜਜ਼ੀਆ ਹਟਾਏ ਸਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਕਬਰ ਬਾਦਸ਼ਾਹ ਨੇ ਗੁਰੂ ਘਰ ਪ੍ਰਤੀ ਆਪਣਾ ਚੰਗਾ ਪਿਆਰ ਅਤੇ ਸਤਿਕਾਰ ਦਿਖਾਇਆ ਜਿਸ ਕਾਰਣ ਉਹ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਆਪਣਾ ਨਾਂ ਦਰਜ ਕਰਵਾਉਣ ਵਿੱਚ ਗੁਰੂ ਜੀ ਤੋਂ ਅਸ਼ੀਰਵਾਦ ਦਾ ਭਾਗੀ ਬਣ ਗਿਆ।

# ਸ਼ਹੀਦ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਦਾਸ ਜੀ

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸਮੇਂ ਦਿੱਲੀ ਗੁਰੂ ਸਾਹਬ ਨਾਲ ਤਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲ ਦਾਸ ਜੀ ਨੂੰ ਸ਼੍ਰੀ ਗੁਰੁ ਤੇਗ ਬਹਾਦਰ ਜੀ ਦੇ ਸਾਹਮਣੇ ਇਸ ਲਈ ਬੜੀ ਬੇਦਰਦੀ ਤੇ ਕਾਇਰਤਾ ਨਾਲ ਸ਼ਹੀਦ ਕੀਤਾ ਗਿਆ ਕਿ ਗੁਰੂ ਸਾਹਿਬ ਇਸ ਕਤਲੋਗਾਰਤ ਨੂੰ ਵੇਖ ਕੇ ਦਹਿਲ ਜਾਣ ਤੇ ਇਸਲਾਮ ਕਬੂਲ ਕਰ ਲੈਣ, ਜਿਸ ਨਾਲ ਔਰੰਗਜ਼ੇਬ ਦਾ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਜੋ ਮਿੱਥਿਆ ਹੋਇਆ ਟੀਚਾ ਸੀ, ਉਹ ਅਸਾਨੀ ਨਾਲ ਪੂਰਾ ਹੋ ਸਕੇ, ਪਰ ਸ਼ਾਇਦ ਇਹ ਇੰਨ੍ਹਾਂ ਸੋਖਾ ਕੰਮ ਨਹੀ ਸੀ। ਇੰਨ੍ਹਾਂ ਤਿੰਨ ਗੁਰਸਿੱਖਾਂ ਨੇ ਆਪਣੀ ਸ਼ਹੀਦੀ ਸਮੇਂ ਆਖਰੀ ਖਵਾਹਿਸ਼ ਇਹ ਦੱਸੀ ਕਿ ਸ਼ਹੀਦੀ ਸਮੇਂ ਸਾਡਾ ਮੂੰਹ ਗੁਰੂ ਤੇਗ ਬਹਾਦਰ ਜੀ ਵੱਲ ਰਹਿਣ ਦਿੱਤਾ ਜਾਵੇ ਤਾਂ ਜੋ ਅੰਤਲੇ ਸਵਾਸ ਗੁਰੂ ਸਾਹਬ ਦੇ ਦਰਸ਼ਨ ਹੁੰਦੇ ਰਹਿਣ।ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਜੀ ਦਾ ਜਨਮ ਪਿੰਡ ਕਰਿਆਲਾ ਜਿਲ੍ਹਾ ਜੇਹਲਮ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਹੀਰਾ ਨੰਦ ਸੀ, ਦਾਦਾ ਲੱਖੀ ਦਾਸ ਤੇ ਪੜਦਾਦਾ ਭਾਈ ਪਰਾਗਾ ਦਾਸ ਜੀ ਸਨ। ਇੰਨ੍ਹਾਂ ਤਿੰਨਾਂ ਗੁਰਸਿੱਖਾਂ ਦੇ ਵੱਡ-ਵਡੇਰੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ ਨਾਲ ਜੁੜੇ ਹੋਏ ਸਨ। ਭਾਈ ਪਰਾਗਾ ਦਾਸ ਜੀ ਗੁਰੂ ਹਰਿਗੋਬਿੰਦ ਸਾਹਬ ਜੀ ਦੀ ਫੋਜ ਵਿੱਚ ਭਰਤੀ ਸਨ। ਸਿੱਖ ਧਰਮ ਦੀ ਪਹਿਲੀ ਜੰਗ 1628 ਈ: ਵਿੱਚ ਹੋਈ ਸੀ। ਅੰਮ੍ਰਿਤਸਰ ਸ਼ਹਿਰ ਗੁਮਟਾਲਾ ਤੋਂ ਬਾਜ਼ ਤੋਂ ਸ਼ੁਰੂ ਹੋਈ ਲੜਾਈ ਪਿੰਡ ਚੱਬੇ ਦੇ ਮੈਦਾਨੇ-ਏ-ਜੰਗ ਵਿੱਚ ਸਮਾਪਤ ਹੋਈ। ਇਸ ਲੜਾਈ ਵਿੱਚ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਦੇ ਪੜਦਾਦਾ ਭਾਈ ਪਰਾਗਾ ਦਾਸ ਜੀ ਮੁਗਲ ਕਮਾਂਡਰ ਮੁਖਲਿਸ ਖਾਨ ਨਾਲ ਲੜਦਿਆਂ ਸ਼ਹੀਦ ਹੋ ਗਏ ਸਨ।ਇਹਨਾਂ ਤਿੰਨਾਂ ਗੁਰਸਿੱਖਾਂ ਦੀ ਬੰਸ ਦਾ ਵੇਰਵਾ 'ਭੱਟ ਵਹੀ ਮੁਲਤਾਨੀ ਸਿੰਧੀ' ਵਿੱਚ ਇਉਂ ਅੰਕਿਤ ਹੈ:

ਦਿਆਲ ਦਾਸ ਬੇਟਾ ਮਾਈ ਦਾਸ ਕਾ,ਪੋਤਾ ਬਾਲੂ ਕਾ,
ਪੜਪੋਤਾ ਮੂਲੇ ਕਾ, ਗੁਰੂ ਗੈਲ ਮੱਘਰ ਸੁਦੀ ਪੰਚਮੀ
ਸੰਬਤ 1732 ਦਿੱਲੀ ਚਾਂਦਨੀ ਚੌਂਕ ਕੇ ਮਹਾਨ, ਸ਼ਾਹੀ
ਹੁਕਮ ਗੈਲ ਮਾਰਾ ਗਯਾ। ਗੋਲੋ ਮਤੀ ਦਾਸ, ਸਤੀ ਦਾਸ ਬੇਟੇ ਹਰਿ ਨੰਦ ਕੇ, ਪੋਤੇ ਲਖੀ ਦਾਸ ਕੇ
ਪੜਪੋਤੇ ਪਰਾਗਾ ਕੇ, ਬੰਸ ਗੋਤਮ ਕਾ, ਸਰਸਵਤੀ
ਭਾਗਵਤ ਗੋਤਰ ਬ੍ਰਾਹਮਣ ਛਿਬਰ ਮਾਰੇ ਗਏ॥



ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਦੇ ਪਿਤਾ ਭਾਈ ਹੀਰਾ ਨੰਦ ਜੀ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਸੱਚੇ ਸਿੱਖ ਸ਼ਰਧਾਲੂ ਸਨ। ਸੰਨ 1657 ਈ: ਵਿੱਚ ਹੀਰਾ ਨੰਦ ਜੀ ਨੇ ਸਵਰਗਵਾਸ ਹੋਣ ਤੋਂ ਪਹਿਲਾਂ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਗੁਰੂ ਸਾਹਬ ਜੀ ਦੇ ਚਰਨੀਂ ਲਾਇਆ। ਗੁਰੂ ਹਰਿਰਾਏ ਤੇ ਗੁਰੂ ਹਰਿ ਕ੍ਰਿਸ਼ਨ ਜੀ ਦੇ 'ਦੀਵਾਨ' ਭਾਈ ਦੂਰਗਾ ਮੱਲ ਦੇ ਆਪ ਦੋਨੋਂ ਭਤੀਜੇ ਸਨ। ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਦੂਰਗਾ ਮੱਲ ਦੀ ਭਾਈ ਮਤੀ ਦਾਸ ਨੂੰ ਗੁਰੂ ਘਰ ਦਾ 'ਦੀਵਾਨ' ਤੇ ਸਤੀ ਦਾਸ ਨੂੰ 'ਵਜੀਰ' ਬਣਾਉਣ ਦੀ ਬੇਨਤੀ ਨੂੰ ਗੁਰੂ ਸਾਹਬ ਨੇ ਪ੍ਰਵਾਨ ਕੀਤਾ।

ਤੀਜੇ ਗੁਰਸਿੱਖ ਭਾਈ ਦਿਆਲ ਦਾਸ ਦਾ ਜਨਮ ਅਲੀਪੁਰ ਮੁਲਤਾਨ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਮਾਈ ਦਾਸ, ਦਾਦਾ ਭਾਈ ਬਾਲੂ ਜੀ ਤੇ ਪੜਦਾਦੇ ਦਾ ਨਾਂ ਭਾਈ ਮੂਲਾ ਸੀ। ਭਾਈ ਦਿਆਲ ਦਾਸ ਦੇ ਪੜਦਾਦਾ ਭਾਈ ਮੂਲਾ ਜੀ , ਭਾਈ ਮਤੀ ਦਾਸ ਤੇ ਸਤੀ ਦਾਸ ਦੇ ਪੜਦਾਦਾ ਭਾਈ ਪਰਾਗਾ ਜੀ ਨਾਲ ਗੁਰੂ ਹਰਿਗੋਬਿੰਦ ਸਾਹਬ ਜੀ ਦੀ ਫੌਜ ਵਿੱਚ ਭਰਤੀ ਸਨ ਤੇ ਇਹ ਵੀ ਪਹਿਲੀ ਜੰਗ ਸਮੇਂ ਪਿੰਡ ਚੱਬੇ ਵਿੱਚ ਸੰਗਰਾਣਾ ਸਾਹਬ ਵਿਖੇ ਸ਼ਹੀਦ ਹੋ ਗਏ ਸਨ।ਭਾਈ ਦਿਆਲ ਦਾਸ ਗਿਆਰਾਂ ਭਰਾ ਸਨ, ਜਿੰਨ੍ਹਾਂ ਦੇ ਨਾਂਅ ਹਨ: ਭਾਈ ਲਹਿਣਾ ਸਿੰਘ, ਭਾਈ ਹਠੀ ਚੰਦ, ਭਾਈ ਮੋਹਣ ਚੰਦ, ਭਾਈ ਦਾਨ ਸਿੰਘ, ਭਾਈ ਰਾਏ ਸਿੰਘ, ਭਾਈ ਮਾਨ ਸਿੰਘ, ਭਾਈ ਮਨੀ ਸਿੰਘ, ਭਾਈ ਜੇਠਾ ਸਿੰਘ, ਭਾਈ ਰੂਪ ਸਿੰਘ ਤੇ ਭਾਈ ਜਗਤ ਸਿੰਘ ਆਦਿ ਸਨ। ਜਦੋ ਭਾਈ ਦੂਰਗਾ ਮੱਲ ਦੇ ਕਹਿਣ ਤੇ 'ਦੀਵਾਨ' ਤੇ 'ਵਜ਼ੀਰ' ਦੀ ਸੇਵਾ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਮਿਲੀ ਤਾਂ ਉੱਥੇ ਨਾਲ ਹੀ 'ਘਰਬਾਰਗੀ' (ਗ੍ਰਹਿ ਮੰਤਰਾਲਾ) ਦੀ ਸੇਵਾ ਭਾਈ ਦਿਆਲ ਦਾਸ ਜੀ ਨੂੰ ਵੀ ਸੌਂਪੀ ਸੀ।ਸਮਾਂ ਆਪਣੀ ਚਾਲੇ ਚੱਲਦਾ ਗਿਆ। ਪਾਪੀ ਬਾਦਸ਼ਾਹ ਔਰੰਗਜ਼ੇਬ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦੇ ਮਨਸੂਬੇ ਨਾਲ ਕਸ਼ਮੀਰ ਦੇ ਬ੍ਰਹਮਣਾਂ ਨੂੰ ਮੁਸਲਮਾਨ ਬਣਾਉਣ ਲਈ ਸ਼ੇਰ ਅਫਗਾਨ ਨੂੰ ਕਸ਼ਮੀਰ ਦਾ ਗਵਰਨਰ ਨਿਯੁਕਤ ਕੀਤਾ।ਜਦ ਸ਼ੇਰ ਅਫਗਾਨ ਨੇ ਕਸ਼ਮੀਰ ਦੇ ਪੰਡਿਤਾਂ ਨੂੰ ਹਰ ਹੀਲੇ ਮੁਸਲਮਾਨ ਬਣਨ ਲਈ ਮਜ਼ਬੂਰ ਕੀਤਾ ਤਾਂ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਵਿੱਚ 25 ਮਈ 1675 ਈ: ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਪਹੁੰਚੇ। ਜਦ ਗੁਰੂ ਜੀ ਨੇ ਉਹਨਾਂ ਦੀ ਦਰਦ ਭਰੀ ਵਿਥਿਆ ਸੁਣੀ ਤਾਂ ਗੁਰੂ ਸਾਹਬ ਕਸ਼ਮੀਰੀ ਪੰਡਿਤਾਂ ਦੀ ਪੱਤ ਬਚਾਉਣ ਲਈ ਆਪਣਾ ਬਲੀਦਾਨ ਦੇਣ ਲਈ ਤਿਆਰ ਹੋ ਗਏ।ਅੰਤ 11 ਜੁਲਾਈ 1675 ਈ: ਨੂੰ ਗੁਰੂ ਸਾਹਬ ਆਪਣੇ ਤਿੰਨ ਗੁਰਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਦਾਸ ਜੀ ਸਮੇਤ ਦਿੱਲੀ ਵੱਲ ਤੁਰ ਪਏ। ਇੱਥੇ ਗੁਰੂ ਤੇਗ ਬਹਾਦਰ ਜੀ ਤੇ ਇਹਨਾਂ ਗੁਰਸਿੱਖਾਂ ਦੀ ਗ੍ਰਿਫਤਾਰੀ ਸੰਬੰਧੀ ਇਤਹਾਸਕਾਰ ਇੱਕਮਤ ਨਹੀ ਹਨ। 'ਭੱਟ ਵਹੀ ਪੂਰਬੀ ਦੱਖਣੀ' ਵਿੱਚ ਗ੍ਰਿਫਤਾਰੀ ਰੋਪੜ ਲਾਗਿਉਂ ਹੋਈ ਦੱਸਿਆ ਹੈ।ਕਈ ਇਤਹਾਸਕਾਰਾਂ ਨੇ ਲਿੱਖਿਆਂ ਹੈ ਕਿ ਪੜਾਅ ਦਰ ਪੜਾਅ ਚੱਲ ਕੇ ਗੁਰੂ ਜੀ ਨੇ ਆਗਰੇ ਪਹੁੰਚ ਕੇ ਆਪਣੀ ਗ੍ਰਿਫਤਾਰੀ ਦਿੱਤੀ।ਇਸ ਤੋਂ ਇਲਾਵਾ 'ਕੋਇਰ ਸਿੰਘ' ਆਪਣੀ ਪੁਸਤਕ 'ਗੁਰਬਿਲਾਸ ਪਾਤਸ਼ਾਹੀ ਦਸ' (ਰਚਿਤ 1751 ਈ:), ਸਰੂਪ ਦਾਸ 'ਮਹਿਮਾ ਪ੍ਰਕਾਸ਼' ( 1776 ਈ:), ਬੀਰ ਸਿੰਘ ਬੱਲ 'ਸਿੰਘ ਸਾਗਰ' (1827 ਈ:) ਤੇ ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼ (1841 ਈ:), ਵਿੱਚ ਗ੍ਰਿਫਤਾਰੀ ਸੰਬੰਧੀ ਲਿੱਖਦੇ ਹਨ ਕਿ ਗੁਰੂ ਸਾਹਬ ਨੇ ਆਪਣੀ ਗ੍ਰਿਫਤਾਰੀ ਸਿੱਧੀ ਦਿੱਲੀ ਆਪ ਪਹੁੰਚ ਕੇ ਦਿੱਤੀ। ਔਰੰਗਜ਼ੇਬ ਦੇ ਹੁਕਮ ਤੇ ਗੁਰੂ ਤੇਗ ਬਹਾਦਰ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ। ਇੰਨ੍ਹਾਂ ਤੇ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ ਗਿਆ, ਜਾਂ ਕੋਈ ਕਰਾਮਾਤ ਦਿਖਾਉ ਜਾਂ ਮਰਨ ਲਈ ਤਿਆਰ ਹੋ ਜਾਉ ਤਾਂ ਗੁਰੂ ਸਾਹਬ ਜੀ ਨੇ ਪਹਿਲੀਆਂ ਦੋਵੇ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਤੀਜੀ ਸ਼ਰਤ ਕਬੂਲ ਕਰ ਲਈ।ਇਹਨਾਂ ਦੇ ਨਾਂਹ ਕਰਨ ਤੇ ਔਰੰਗਜ਼ੇਬ ਦੇ ਹੁਕਮ ਤੇ ਹੀ ਕਾਜ਼ੀ ਉਲ-ਕਜ਼ਾਤ ਅਬੂਲ ਵਹਾਰ ਸ਼ੇਰਾ ਨੇ ਤਿੰਨ ਗੁਰਸਿੱਖਾਂ ਨੂੰ ਕਤਲ ਕਰਨ ਦਾ ਫਤਵਾ ਸੁਣਾ ਦਿੱਤਾ। ਭਾਈ ਮਤੀ ਦਾਸ ਜੀ ਨੂੰ ਕਾਜ਼ੀ ਨੇ ਧੜ੍ਹ ਚਿਰਵਾਉਣ, ਮੌਤ ਜਾਂ ਧਰਮ ਬਦਲੀ ਵਿੱਚੋਂ ਮਨ ਇੱਛਤ ਚੋਣ ਕਰ ਲੈਣ ਲਈ ਕਿਹਾ ਤਾਂ ਭਾਈ ਸਾਹਬ ਨੇ ਕਿਹਾ ਕਿ:

ਟੁਕੜੇ ਏਸ ਸਰੀਰ ਦੇ, ਕਰੋ ਜੇ ਲੱਖ ਕਰੋੜ।
ਤਾਂ ਭੀ ਧਰਮ ਨਾ ਛੋੜਸਾਂ, ਦੀਨ ਤੇਰਾ ਨਹੀ ਲੋੜ।
ਆਰਾ ਪਿਆਰਾ ਲਗਤ ਹੈ, ਕਾਰਾ ਕਰੋ ਬਣਾਏ।
ਸੀਸ ਜਾਏ ਤਾਂ ਜਾਣ ਦੇ, ਸਿੱਖੀ ਸਿਦਕ ਨਾ ਜਾਏ।

ਸਭ ਤੋਂ ਪਹਿਲਾਂ ਭਾਈ ਮਤੀ ਦਾਸ ਨੂੰ ਲੱਕੜ ਦੇ ਦੋ ਫੱਟਿਆਂ ਵਿੱਚ ਕੱਸ ਕੇ ਆਰੇ ਨਾਲ ਚੀਰ ਕੇ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਫਿਰ ਦੂਜੀ ਵਾਰੀ ਭਾਈ ਦਿਆਲ ਦਾਸ ਜੀ ਨੂੰ ਉਬਲਦੀ ਦੇਗ ਵਿੱਚ ਬਿਠਾ ਕੇ ਸ਼ਹੀਦ ਕੀਤਾ ਗਿਆ।ਫਿਰ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਥੰਮ ਨਾਲ ਬੰਨ੍ਹ ਕੇ ਅੱਗ ਲਾ ਕੇ ਸਾੜਿਆ ਗਿਆ। ਤਿੰਨਾਂ ਗੁਰਸਿੱਖਾਂ ਨੇ ਧਰਮ ਦੀ ਖਾਤਰ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ ਤੇ ਸ਼ਹੀਦ ਦਾ ਰੁਤਬਾ ਹਾਸਿਲ ਕੀਤਾ। ਇਹ ਘਟਨਾ 10 ਨਵੰਬਰ 1675 ਈ: ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਵਾਪਰੀ। ਉਸ ਤੋਂ ਅਗਲੇ ਦਿਨ 11 ਨਵੰਬਰ 1675 ਈ: ਨੂੰ ਗੁਰੂ ਤੇਗ ਬਹਾਦਰ ਜੀ ਨੂੰ ਸੀਸ ਧੜ੍ਹ ਤੋਂ ਜ਼ੁਦਾ ਕਰਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸ਼ਹੀਦੀਆਂ ਹੀ ਮੁਗਲ ਸਾਮਰਾਜ ਦੇ ਖਾਤਮੇ ਦਾ ਕਾਰਨ ਬਣੀਆਂ।

The ONLY temple in the world outside India dedicated to Shri Shani Maharaj

Shri SHANI DEV Mandir, New York
Sarvamangala Shri SANEESWARA Temple, New York

*Regular Poojas' and Homas' are conducted on daily basis:*
*Special Poojas:*
*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More... ...*



1616 Hillside Avenue, Temple Suits
New Hyde Park NY 11040
Ph: 718 740 9400 / 516 358 9400
Email: temple.navagraha@gmail.com
Temple Hours: 8.00 am to 9.00 pm

*The Temple entrance is in the western side parking lot behind Hot Breads & Maharajas in New Hyde Park NY*

*Functions of the space:*
*Temple / Community Events / Senior Social Day Care Center / Art & Music School / Library / Spiritual Lounge / Gift Shop*

www.NavagrahaUSA.com




Insurance
Property & Casualty
(See Full Page Advt. on Page 31)
Business, Liability, Disability, Workers Comp., E & O, Auto, Home,
917-612-3158
www.whitestonecorpusa.com

# ਲੋਕ-ਕਾਵਿ ਦੀ ਖੱਟੀ-ਮਿੱਠੀ ਵਿਧਾ ਸਿੱਠਣੀਆਂ



ਮੂਲ ਰੂਪ ਵਿਚ ਕਿਸੇ ਵੀ ਖੇਤਰ, ਸੂਬੇ ਜਾਂ ਦੇਸ਼ ਦਾ ਲੋਕ-ਕਾਵਿ ਉੱਥੋਂ ਦੇ ਵਸਨੀਕਾਂ ਦੇ ਧੁਰ ਅੰਦਰ ਦੀ ਸਿੱਧੀ-ਸਾਦੀ ਭਾਸ਼ਾ ਵਿਚ ਪ੍ਰਗਟਾਈ ਆਵਾਜ਼ ਹੈ। ਇਨ੍ਹਾਂ ਲੋਕ ਗੀਤਾਂ ਨੂੰ ਸਿਰਜਣ ਵਾਲੇ ਅਨੇਕ ਲੋਕ ਹਨ। ਇਹ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਕਿਰਤ ਨਹੀਂ ਹਨ। ਸਮੇਂ ਦੇ ਨਾਲ ਕਈ ਵਾਰ ਇਨ੍ਹਾਂ ਵਿਚ ਫੇਰ-ਬਦਲ ਵੀ ਹੁੰਦਾ ਰਹਿੰਦਾ ਹੈ। ਆਮ ਤੌਰ 'ਤੇ ਲੋਕ-ਕਾਵਿ ਪੇਂਡੂ ਰਹਿਤਲ ਨਾਲ ਜੁੜਿਆ ਹੋਇਆ ਹੈ। ਇਸ ਕਾਵਿ ਦੀ ਖਾਸੀਅਤ ਹੈ ਕਿ ਇਹ ਭਾਵੇਂ ਬਹੁਤਾ ਨਾਰੀ ਮਨ ਵਿਚੋਂ ਹੂਕ ਵਾਂਗ ਜਾਂ ਹੇਕ ਵਾਂਗ ਨਿਕਲਿਆ ਹੈ, ਪਰ ਇਹ ਨਿੱਜ ਤੋਂ ਪਰ ਤਕ ਦਾ ਸਫ਼ਰ ਤੈਅ ਕਰਦਾ ਘਰ-ਪਰਿਵਾਰ ਤੋਂ ਸੂਬੇ ਤੇ ਦੇਸ਼ ਵਿਚ ਉਡਾਰੀਆਂ ਲਾਉਂਦਾ ਵਿਸ਼ਵ ਪੱਧਰ ਤਕ ਦੀ ਗੱਲ ਵੀ ਕਰ ਜਾਂਦਾ ਹੈ। ਜਿੱਥੇ ਇਹ ਗਹਿਰ-ਗੰਭੀਰ ਵਿਸ਼ਿਆਂ ਉੱਤੇ ਪਕੜ ਰੱਖਦਾ ਹੈ ਉੱਥੇ ਹਲਕੇ-ਫੁਲਕੇ, ਹਾਸੇ-ਠੱਠੇ ਅਤੇ ਵਿਅੰਗਮਈ ਰਸ ਨਾਲ ਵੀ ਭਰਪੂਰ ਹੈ। ਇਸੇ ਖੱਟੇ-ਮਿੱਠੇ ਰਸ ਨਾਲ ਲਬਾਲਬ ਭਰੀਆਂ ਹਨ 'ਸਿੱਠਣੀਆਂ'। ਸਿੱਠਣੀ ਲੋਕ-ਕਾਵਿ ਦੀ ਤਿੱਖੀ ਮਜ਼ਾਕੀਆ ਵਿਧਾ ਹੈ ਜਿਸ ਦਾ ਰਿਵਾਜ ਲੋਕਧਾਰਾ ਵਿਚ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਕੁਝ ਵਿਦਵਾਨਾਂ ਅਨੁਸਾਰ 'ਸਿਠ' ਸ਼ਬਦ ਦਾ ਅਰਥ ਹਾਸਾ-ਠੱਠਾ ਜਾਂ ਮਜ਼ਾਕ ਹੈ। ਇਹ ਵੀ ਹੋ ਸਕਦਾ ਹੈ ਸਿੱਠਣੀ ਸ਼ਬਦ ਸਿਠ ਤੋਂ ਹੀ ਬਣਿਆ ਹੋਵੇ।

ਜਿੱਥੇ ਮੁੰਡੇ ਦੇ ਵਿਆਹ ਮੌਕੇ ਘੋੜੀਆਂ ਅਤੇ ਕੁੜੀ ਦੇ ਵਿਆਹ ਸਮੇਂ ਸੁਹਾਗ ਗਾਏ ਜਾਂਦੇ ਹਨ ਉੱਥੇ ਸਿੱਠਣੀਆਂ ਮੁੰਡੇ-ਕੁੜੀ ਦੋਵਾਂ ਦੇ ਵਿਆਹ ਵੇਲੇ ਲਈ ਪ੍ਰਵਾਨਤ ਤੇ ਪ੍ਰਚੱਲਤ ਵਿਧਾ ਹੈ। ਮੰਗਣੇ-ਕੁੜਮਾਈ ਦੀ ਰਸਮ ਸਮੇਂ ਵੀ ਸਿੱਠਣੀਆਂ ਸੁਣਨ ਨੂੰ ਮਿਲਦੀਆਂ ਹਨ। ਘੋੜੀਆਂ ਤੇ ਸੁਹਾਗ ਨੂੰ ਗੀਤ ਗਾਉਣਾ ਕਿਹਾ ਜਾਂਦਾ ਹੈ, ਪਰ ਸਿੱਠਣੀਆਂ ਨੂੰ ਗਾਉਣਾ ਨਹੀਂ ਸਿੱਠਣੀਆਂ ਦੇਣੀਆਂ ਕਿਹਾ ਜਾਂਦਾ ਹੈ। ਸਿੱਠਣੀਆਂ ਢੁੱਕਵੇਂ ਤੇ ਫੱਬਵੇਂ ਸ਼ਬਦਾਂ ਵਿਚ ਦਿੱਤੇ ਜਾਂਦੇ ਮਿਹਣਿਆਂ ਵਰਗੀਆਂ ਹੀ ਤਾਂ ਹੁੰਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਗਾਉਂਦੀਆਂ ਦੀਆਂ ਸਿੱਠਣੀਆਂ ਤੇ ਲੜਦੀਆਂ ਦੇ ਮਿਹਣੇ ਪਰ ਅੰਤਰ ਇਹ ਹੈ ਕਿ ਸਿੱਠਣੀਆਂ ਵਿਚ ਮਿਹਣੋ-ਮਿਹਣੀ ਹੋ ਕੇ ਟੁੱਟਣ ਵਾਲੀ ਨੌਬਤ ਨਹੀਂ ਆਉਂਦੀ। ਪੁਰਾਣੇ ਸਮੇਂ ਖਾਸ ਕਰ ਪਿੰਡਾਂ ਵਿਚ ਮਨੋਰੰਜਨ ਦੇ ਕੋਈ ਸਾਧਨ ਨਹੀਂ ਸਨ ਹੁੰਦੇ। ਕਿਸੇ ਵਿਰਲੇ-ਟਾਵੇਂ ਘਰ ਰੇਡੀਓ ਹੁੰਦਾ ਸੀ। ਵਿਆਹ-ਸ਼ਾਦੀ ਜਾਂ ਫਿਰ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਬਨੇਰਿਆਂ 'ਤੇ ਜਾਂ ਕੋਠੇ ਦੀ ਛੱਤ 'ਤੇ ਮੰਜੇ ਜੋੜ ਕੇ ਬੰਨ੍ਹਿਆ ਸਪੀਕਰ ਰੌਣਕਾਂ ਲਾਉਂਦਾ ਸੀ। ਖੁਸ਼ੀਆਂ ਮੌਕੇ ਔਰਤਾਂ ਆਪੇ ਸਿਰਜੇ ਗੀਤ ਗਾਉਂਦੀਆਂ ਅਤੇ ਮਨਪ੍ਰਚਾਵਾ ਕਰਦੀਆਂ ਸਨ। ਇਹੋ ਗੀਤ-ਗੌਣ ਸੀਨਾ-ਬ-ਸੀਨਾ ਅੱਗੇ ਤੁਰੇ ਆਉਂਦੇ ਸਨ।

ਅਜੋਕੇ ਸਮੇਂ ਇਨ੍ਹਾਂ ਰੰਗ-ਤਮਾਸ਼ਿਆਂ ਦੀ ਕਦਰ ਘਟ ਗਈ ਹੈ। ਸ਼ਹਿਰੀ ਲੋਕਾਂ ਨੂੰ ਤਾਂ ਹੁਣ ਡੀ.ਜੇ., ਦਿਖਾਵੇ ਲਈ ਕੀਤੇ ਅਡੰਬਰਾਂ ਅਤੇ 'ਬਿਊਟੀ ਪਾਰਲਰ' ਦੇ ਹਾਰ-ਸ਼ਿੰਗਾਰ ਤੋਂ ਹੀ ਵਿਹਲ ਨਹੀਂ ਮਿਲਦੀ। ਭਾਵੇਂ ਹੁਣ ਪਿੰਡਾਂ ਦਾ ਵੀ ਸ਼ਹਿਰੀਕਰਨ ਹੋ ਗਿਆ ਹੈ, ਪੇਂਡੂ ਲੋਕਾਂ ਨੇ ਵੀ ਸ਼ਹਿਰੀ ਜੀਵਨ ਜਾਚ ਆਪਣਾ ਲਈ ਹੈ, ਪਰ ਫਿਰ ਵੀ ਪੇਂਡੂ ਭਾਈਚਾਰੇ ਵਿਚ ਔਰਤਾਂ ਅਜੇ ਵੀ ਸਿੱਠਣੀਆਂ ਦਾ ਅਦਾਨ-ਪ੍ਰਦਾਨ ਕਰ ਲੈਂਦੀਆਂ ਹਨ। ਲੋਕ-ਕਾਵਿ ਵਿਚ ਸਿੱਠਣੀਆਂ ਔਰਤਾਂ ਦਾ ਜ਼ੁਬਾਨੀ-ਕਲਾਮੀ ਹਥਿਆਰ ਵੀ ਬਣ ਜਾਂਦੀਆਂ ਹਨ। ਸਿੱਠਣੀਆਂ ਦੇ ਤੀਰ ਜ਼ਿਆਦਾਤਰ ਨਾਨਕੀਆਂ-ਦਾਦਕੀਆਂ ਵੱਲੋਂ ਇਕ-ਦੂਜੀ ਵੱਲ ਛੱਡੇ ਜਾਂਦੇ ਹਨ, ਪਰ ਇਨ੍ਹਾਂ ਦੀ ਮਿੱਠੀ ਮਾਰ ਤੋਂ ਨਾ ਪਰਿਵਾਰ ਦੇ ਮੈਂਬਰ ਬਚਦੇ ਹਨ ਨਾ ਕੋਈ ਰਿਸ਼ਤੇਦਾਰ। ਜਿੱਥੇ ਦਿਓਰ-ਜੇਠ, ਜੀਜੇ, ਕੁੜਮ ਤੇ ਮਾਮੇ ਜਾਂ ਫੁੱਫੜ ਨੂੰ ਸਿੱਠਣੀਆਂ ਮਿਲਦੀਆਂ ਹਨ ਉੱਥੇ ਵਿਚੋਲੇ ਨਾਲ ਵੀ ਘੱਟ ਨਹੀਂ ਗੁਜ਼ਾਰੀ ਜਾਂਦੀ। ਇਹ ਸਿੱਠਣੀਆਂ ਕਈ ਵਾਰ ਤਾਂ ਸਿੱਧਾ ਡਾਂਗ-ਸੋਟਾ ਬਣ ਕੇ ਹੀ ਵਰ੍ਹਦੀਆਂ ਹਨ। ਵੰਨਗੀ ਲਈ ਵਿਚੋਲੇ ਨੂੰ ਕਿਹਾ ਜਾਂਦਾ ਹੈ:

ਮੱਕੀ ਦਾ ਦਾਣਾ ਕੋਠੇ 'ਤੇ
ਵਿਚੋਲਾ ਬਿਠਾਉਣਾ ਝੋਟੇ 'ਤੇ।
ਮੱਕੀ ਦਾ ਦਾਣਾ ਪਿੰਡ ਵਿਚ ਨੀਂ
ਵਿਚੋਲਾ ਨਾ ਰੱਖਣਾ ਪਿੰਡ ਵਿਚ ਨੀਂ।
ਕੁੜਮੋ-ਕੁੜਮੀ ਵਰਤਣਗੇ
ਵਿਚੋਲੇ ਵਿਚਾਰੇ ਤਰਸਣਗੇ।

ਸਿੱਠਣੀਆਂ ਦੇ ਤੀਰ ਜ਼ਿਆਦਾਤਰ ਨਾਨਕੀਆਂ-ਦਾਦਕੀਆਂ ਵੱਲੋਂ ਇਕ-ਦੂਜੀ ਵੱਲ ਛੱਡੇ ਜਾਂਦੇ ਹਨ, ਪਰ ਇਨ੍ਹਾਂ ਦੀ ਮਿੱਠੀ ਮਾਰ ਤੋਂ ਨਾ ਪਰਿਵਾਰ ਦੇ ਮੈਂਬਰ ਬਚਦੇ ਹਨ ਨਾ ਕੋਈ ਰਿਸ਼ਤੇਦਾਰ। ਜਿੱਥੇ ਦਿਓਰ-ਜੇਠ, ਜੀਜੇ, ਕੁੜਮ ਤੇ ਮਾਮੇ ਜਾਂ ਫੁੱਫੜ ਨੂੰ ਸਿੱਠਣੀਆਂ ਮਿਲਦੀਆਂ ਹਨ ਉੱਥੇ ਵਿਚੋਲੇ ਨਾਲ ਵੀ ਘੱਟ ਨਹੀਂ ਗੁਜ਼ਾਰੀ ਜਾਂਦੀ। ਇਹ ਸਿੱਠਣੀਆਂ ਕਈ ਵਾਰ ਤਾਂ ਸਿੱਧਾ ਡਾਂਗ-ਸੋਟਾ ਬਣ ਕੇ ਹੀ



ਜਦੋਂ ਵਿਆਹ ਤੋਂ ਪੰਜ-ਸੱਤ ਦਿਨ ਪਹਿਲਾਂ ਭੱਠੀ ਪੁੱਟੀ ਤੋਂ ਕੜਾਹੀ ਚੜ੍ਹਾਈ ਜਾਂਦੀ ਤਾਂ ਘਰ ਦੀਆਂ ਅਤੇ ਸ਼ਰੀਕੇ-ਭਾਈਚਾਰੇ ਦੀਆਂ ਔਰਤਾਂ ਵੱਲੋਂ ਸਿੱਠਣੀਆਂ ਦਾ ਬਿਗਲ ਵਜਾ ਦਿੱਤਾ ਜਾਂਦਾ। ਹਲਵਾਈ ਦੀ ਮੱਦਦ ਲਈ ਮੱਠੀਆਂ-ਸ਼ੱਕਰਪਾਰਿਆਂ ਲਈ ਆਟਾ ਜਾਂ ਮੈਦਾ ਗੋਂਦੀਆਂ-ਗੁੰਨ੍ਹਦੀਆਂ ਔਰਤਾਂ ਕੋਲੋਂ ਲੰਘੇ ਜਾਂਦੇ ਸਹਿਜ-ਸੁਭਾਅ ਝਾਕਦੇ ਕਿਸੇ ਚੋਬਰ ਦੀ ਚੰਗੀ ਤਹਿ ਲਾਉਂਦੀਆਂ ਕਹਿੰਦੀਆਂ:

ਵਿੰਦਰ ਸਿਉਂ ਇਉਂ ਝਾਕੇ ਜਿਵੇਂ ਚਾਮਚੜਿੱਕ ਦੇ ਡੇਲੇ
ਅਸਾਂ ਨਹੀਂ ਲੈਣੇ ਪੱਤਾਂ ਬਾਝ ਕਰੇਲੇ।

ਕੋਈ ਦਿਓਰ-ਜੇਠ ਕੰਮਾਂ ਦਾ ਜਾਇਜ਼ਾ ਲੈਂਦਾ ਨੇੜੇ-ਤੇੜੇ ਖੜ੍ਹ ਦਿਖਾਈ ਦਿੰਦਾ ਤਾਂ ਜੇਠ ਨੂੰ ਸੰਬੋਧਨ ਕਰਕੇ ਸਿੱਠਣੀ ਦਿੰਦੀਆਂ:

ਭਾਈ ਜੀ (ਜੇਠ ਜੀ) ਖੜ੍ਹਾ ਵੇ ਖੜੋਤਾ
ਤੇਰਾ ਲੱਕ ਥੱਕ ਜਾਊ
ਕੋਲ ਜੋਰੋ ਨੂੰ ਖੜ੍ਹਾ ਲੈ
ਵੇ ਅੜੋਕਾ (ਸਹਾਰਾ) ਲੱਗ ਜਾਊ
ਜੋਰੋ ਪਤਲੀ-ਪਤੰਗ ਨੀਂ
ਜੜਕ ਟੁੱਟ ਜਾਊ।

ਇਸੇ ਤਰ੍ਹਾਂ ਕੋਲੋਂ ਲੰਘਦਾ-ਵੜਦਾ ਦਿਓਰ ਨਜ਼ਰੀਂ ਪੈਂਦਾ ਤਾਂ ਉਸ ਦੀ ਮੋਟੀ-ਠੁੱਲ੍ਹੀ ਪਤਨੀ 'ਤੇ ਤਨਜ਼ ਕਸੀ ਜਾਂਦੀ:

ਦਿਲ ਮੰਗਦਾ ਦੇਈਂ ਅਖਰੋਟ ਕੁੜੇ ਦਿਲ ਮੰਗਦਾ
ਕਸ਼ਮੀਰਾ ਸਿਉਂ ਤਾਂ ਸੁੱਕ ਕੇ ਲੱਕੜੀ ਹੋ ਗਿਆ
ਸੁਰਜੀਤ ਕੁਰ ਤਾਂ ਹੋ ਗਈ ਤੋਪ ਕੁੜੇ ਦਿਲ ਮੰਗਦਾ
ਦਿਲ ਮੰਗਦਾ ਦੇਈਂ ਅਖਰੋਟ ਕੁੜੇ ਦਿਲ ਮੰਗਦਾ।

ਸਾਰੇ ਵਿਆਹ ਵਿਚ ਸਿੱਠਣੀਆਂ ਦੇਣ ਦਾ ਮੌਕਾ ਮੇਲ ਬਣਿਆ ਰਹਿੰਦਾ। ਘਰ ਦਾ ਕੋਈ ਜੁਆਈ-ਭਾਈ ਆਉਂਦਾ ਤਾਂ ਉਸ ਨੂੰ ਵੀ ਨਾ ਬਖ਼ਸ਼ਿਆ ਜਾਂਦਾ। ਆਸੇ-ਪਾਸੇ ਖੜੋ ਕੇ ਕੁੜੀਆਂ ਕਹਿੰਦੀਆਂ:

ਜੀਜਾ 'ਕੱਲੜਾ ਕਿਉਂ ਆਇਆ ਵੇ ਅੱਜ ਦੀ ਘੜੀ
ਨਾਲ ਬੇਬੇ ਨੂੰ ਨਾ ਲਿਆਇਆ ਵੇ ਅੱਜ ਦੀ ਘੜੀ
ਨਾਲ ਭੈਣ ਨੂੰ ਨਾ ਲਿਆਇਆ ਵੇ ਅੱਜ ਦੀ ਘੜੀ।

ਜ਼ਿਕਰਯੋਗ ਹੈ ਕਿ ਬੀਤੇ ਵੇਲਿਆਂ ਵਿਚ ਕਿਸੇ ਮਰਦ-ਮੁੰਡੇ ਦੀ ਮਾਂ-ਭੈਣ ਉਸ ਦੇ ਸਹੁਰੇ ਘਰ ਵਿਆਹ-ਸ਼ਾਦੀ ਵਿਚ ਨਹੀਂ ਜਾਂਦੀਆਂ ਸਨ। ਅੱਜ ਵਿਆਹ ਮੌਕੇ ਮਰਦਾਂ ਨਾਲੋਂ ਔਰਤਾਂ ਦੀ ਗਿਣਤੀ ਵੱਧ ਹੁੰਦੀ ਹੈ, ਪਰ ਸਿੱਠਣੀਆਂ ਵਰਗੀਆਂ ਰੰਗਲੀਆਂ ਰਸਮਾਂ ਘਟ ਹੀ ਨਹੀਂ ਬਲਕਿ ਖ਼ਤਮ ਹੋ ਰਹੀਆਂ ਹਨ। ਸਿੱਠਣੀਆਂ ਦੇਣ ਸਮੇਂ ਰਿਸ਼ਤੇਦਾਰੀ ਤੇ ਉਮਰ ਦਾ ਲਿਹਾਜ਼ ਵੀ ਰੱਖ ਲਿਆ ਜਾਂਦਾ। ਕੁੜਮ ਨੂੰ ਕਿਹਾ ਜਾਂਦਾ:

ਗੈਸ ਬੁਝਾ ਦਿਓ ਨੀਂ
ਸਾਡਾ ਕੁੜਮ ਬੈਟਰੀ ਵਰਗਾ।

ਵਿਆਹ ਤੋਂ ਪਹਿਲੇ ਦਿਨ ਨਾਨਕਾ ਮੇਲ ਆਉਂਦਾ। ਨਾਨਕਿਆਂ ਨੂੰ ਵਿਆਂਦੜ ਦੀ ਮਾਂ ਅਤੇ ਦਾਦਕੇ ਪਰਿਵਾਰ ਵੱਲੋਂ ਬੂਹਾਂ ਵਿਚ ਤੇਲ ਚੋਅ ਕੇ ਅਤੇ ਸਰਦਾ-ਬਣਦਾ ਸ਼ਗਨ ਦੇ ਕੇ ਨਾਲ ਮੂੰਹ ਮਿੱਠਾ ਕਰਵਾ ਕੇ ਅੰਦਰ ਵਾੜਿਆ ਜਾਂਦਾ। ਇਨ੍ਹਾਂ ਸ਼ਗਨਾਂ ਦੇ ਨਾਲ ਉਨ੍ਹਾਂ ਵੱਲੋਂ ਨਾਨਕੀਆਂ ਨੂੰ ਦਿੱਤੀਆਂ ਸਿੱਠਣੀਆਂ ਗਾਲ੍ਹਾਂ ਵਰਗੀਆਂ ਹੀ ਹੁੰਦੀਆਂ। ਆਮ ਤੌਰ 'ਤੇ ਸਿੱਠਣੀਆਂ ਵਿਚ ਉਨ੍ਹਾਂ ਨੂੰ ਨਿੰਦਿਆ-ਭੰਡਿਆ ਜਾਂਦਾ। ਦਾਦਕੀਆਂ ਕਹਿੰਦੀਆਂ:

ਛੱਜ ਉਹਲੇ ਛਾਨਣੀ ਪਰਾਤ ਉਹਲੇ ਡੋਈ ਵੇ
ਨਾਨਕੀਆਂ ਦਾ ਮੇਲ ਆਇਆ ਚੱਜ ਦੀ ਨਾ ਕੋਈ ਵੇ।
ਛੱਜ ਉਹਲੇ ਛਾਨਣੀ ਪਰਾਤ ਉਹਲੇ ਰੋਟੀਆਂ
ਨਾਨਕੀਆਂ ਦਾ ਮੇਲ ਆਇਆ ਸੱਭੇ ਰੰਨਾਂ ਮੋਟੀਆਂ।

ਗੁੱਸਾ ਕਰਨ ਦੀ ਥਾਂ ਨਾਨਕੀਆਂ ਇਉਂ ਖੁਸ਼ ਹੁੰਦੀਆਂ ਜਿਵੇ ਦਾਦਕੀਆਂ ਉਨ੍ਹਾਂ ਦੀ ਸਿਫਤ-ਸਲਾਹ ਕਰ ਰਹੀਆਂ ਹੋਣ। ਸਾਹਮਣੇ ਖੜ੍ਹੀਆਂ ਨਾਨਕੀਆਂ ਨੂੰ ਗ਼ੈਰਹਾਜ਼ਰ ਕਰਦਿਆਂ ਕਿਹਾ ਜਾਂਦਾ:

ਕਿੱਧਰ ਗਈਆਂ ਵੇ ਬੀਬਾ ਤੇਰੀਆਂ ਨਾਨਕੀਆਂ
ਉਨ੍ਹਾਂ ਪੀਤੀ ਸੀ ਪਿੱਛ ਜੰਮੇ ਸੀ ਰਿੱਛ
ਕਲੰਦਰਾਂ ਦੇ ਗਈਆਂ ਵੇ ਬੀਬਾ ਤੇਰੀਆਂ ਨਾਨਕੀਆਂ।

ਕੁੜੀ ਦੇ ਵਿਆਹ 'ਤੇ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ:

ਕਿੱਧਰ ਗਈਆਂ ਨੀਂ ਬੀਬੀ ਤੇਰੀਆਂ ਨਾਨਕੀਆਂ
ਉਨ੍ਹਾਂ ਖਾਧੇ ਸੀ ਲੱਡੂ ਜੰਮੇ ਸੀ ਡੱਡੂ
ਛੱਪੜਾਂ 'ਤੇ ਗਈਆਂ ਨੀਂ
ਬੀਬੀ ਤੇਰੀਆਂ ਨਾਨਕੀਆਂ।

ਨਾਨਕੀਆਂ ਵੀ ਦਾਦਕੀਆਂ 'ਤੇ ਮੋੜਵਾਂ ਵਾਰ ਕਰਦੀਆਂ ਕਹਿੰਦੀਆਂ:

ਕਿੱਧਰ ਗਈਆਂ ਨੀਂ ਬੀਬੀ ਤੇਰੀਆਂ ਦਾਦਕੀਆਂ
ਉਨ੍ਹਾਂ ਖਾਧੇ ਸੀ ਮਾਂਹ ਜੰਮੇ ਸੀ ਕਾਂ
ਹੁਣ ਕਾਂ-ਕਾਂ ਕਰਦੀਆਂ ਨੀਂ
ਬੀਬੀ ਤੇਰੀਆਂ ਦਾਦਕੀਆਂ
ਅਸੀਂ ਹਾਜ਼ਰ ਖੜ੍ਹੀਆਂ ਨੀਂ
ਬੀਬੀ ਤੇਰੀਆਂ ਨਾਨਕੀਆਂ।

ਦਾਦਕੀਆਂ ਸਿੱਠਣੀਆਂ ਦੇਂਦੀਆਂ-ਲੈਂਦੀਆਂ ਨਾਨਕੀਆਂ ਨੂੰ ਸ਼ਗਨਾਂ ਨਾਲ ਅੰਦਰ ਵਾੜਦੀਆਂ। ਸਾਰੇ ਵਿਆਹ ਵਿਚ ਨਾਨਕੀਆਂ ਨੂੰ ਖੱਟੀਆਂ-ਮਿੱਠੀਆਂ ਚੋਭਾਂ ਲਾਈਆਂ ਜਾਂਦੀਆਂ। ਉਹ ਰੋਟੀ ਖਾਣ ਲੱਗਦੀਆਂ ਤਾਂ ਦਾਦਕੀਆਂ ਸਿੱਠਣੀ ਦਿੰਦੀਆਂ:

ਨਾਨਕੀਆਂ ਨੂੰ ਖਲ਼ ਕੁੱਟ ਦਿਓ ਵੇ
ਇਨ੍ਹਾਂ ਧੌਣ ਪੱਚੀ ਸੇਰ ਖਾਣਾ
ਸਾਨੂੰ ਪੂੜੀਆਂ ਵੇ
ਅਸਾਂ ਮੁਸ਼ਕ ਲਏ ਰੱਜ ਜਾਣਾ।

ਨਾਨਕੀਆਂ ਹੱਸਦੀਆਂ ਤੇ ਖੁਸ਼ ਹੁੰਦੀਆਂ ਖਾਣ-ਪੀਣ ਵਿਚ ਮਸਤ ਰਹਿੰਦੀਆਂ, ਪਰ ਦਾਦਕੀਆਂ ਫਿਰ ਉਨ੍ਹਾਂ 'ਤੇ ਵਿਅੰਗ ਬਾਣ ਕਸਦੀਆਂ:

ਨਾਨਕੀਓ ਥੋੜ੍ਹਾ-ਥੋੜ੍ਹਾ ਖਾਇਓ
ਥੋਡਾ ਢਿੱਡ ਦੂਖੂਗਾ
ਏਥੇ ਡਾਕਟਰ ਨਾ ਹਕੀਮ
ਔਖੀਆਂ ਹੋਣਾ ਪਊਗਾ।

ਖਾ-ਪੀ ਕੇ ਨਾਨਕੀਆਂ ਵੀ ਦਾਦਕੀਆਂ ਦੀ ਖ਼ਬਰ ਲੈਂਦੀਆਂ ਕਹਿੰਦੀਆਂ:

ਦਾਦਕਿਆਂ ਜੋਰੋ ਚੱਕ ਲਿਆ ਬਜ਼ਾਰ ਵਿਚੋਂ ਢਾਈਆਂ,
ਦਾਦਕਿਆਂ ਦੇ ਮਲੰਗ ਬਾਣੀਏਂ
ਸਾਨੂੰ ਜੰਗ ਹਰੜਾਂ ਨਾ ਥਿਆਈਆਂ।

ਦਾਦਕਿਆਂ ਨੂੰ ਭੁੱਖੇ-ਨੰਗੇ ਕਹਿਣੋਂ ਵੀ ਗੁਰੇਜ਼ ਨਾ ਕੀਤਾ ਜਾਂਦਾ। ਨਾਨਕੀਆਂ ਇਸੇ ਭਾਵਨਾ ਨਾਲ ਸਿੱਠਣੀ ਦਿੰਦੀਆਂ:

ਨਿੱਕੀ ਜਿਹੀ ਕੋਠੜੀਏ ਤੇਰੇ ਵਿਚ ਗੁੜ ਦੇ ਰੋੜੇ
ਦਾਦਕਿਆਂ ਨੇ ਮੇਲ ਬਹੁਤਾ ਸਦਾਇਆ ਲੱਡੂ ਵੱਟੇ ਥੋੜ੍ਹੇ
ਨਿੱਕੀ ਜਿਹੀ ਕੋਠੜੀਏ ਤੇਰੇ ਵਿਚ ਗੁੜ ਦੇ ਰੋੜੇ।

ਅੱਗੋਂ ਦਾਦਕੀਆਂ ਵੀ ਕਸਰ ਨਾ ਰੱਖਦੀਆਂ ਤੇ ਕਹਿੰਦੀਆਂ:

ਨਾਨਕਿਆਂ ਨੇ ਜੇਬ ਖੀਸਾ ਲਗਾਇਕੇ ਲੱਡੂ ਲਏ ਲੁਕਾ
ਅਸੀਂ ਮਗਰੇ ਪੁਲਸ ਲਗਾਇਕੇ ਸਾਵੇਂ ਲਏ ਕਢਾ
ਨਾਨਕਿਓ ਲੱਖਾਂ ਦੀ ਥੋਡੀ ਪੱਤ ਗਈ ਤੁਸੀਂ ਆਪੇ ਲਈ ਗੁਆ।

ਕਈ ਚੰਚਲ ਸੁਭਾਅ ਵਾਲੀਆਂ ਔਰਤਾਂ ਤਾਂ ਕਿਸੇ ਦਾਦਕੀ-ਨਾਨਕੀ ਦੇ ਭਰਿੰਡਾਂ ਵੀ ਲੜਾ ਦਿੰਦੀਆਂ, ਮਿਸਾਲ ਲਈ:

ਮੈਂ ਦੱਸਾਂ ਭਰਿੰਡੇ ਨੀਂ ਨਦੀ ਕਿਨਾਰੇ ਉੜਿਆ ਕਰ
ਮੈਂ ਦੱਸਾਂ ਭਰਿੰਡੇ ਨੀ ਬਲਬੀਰੋ ਨਖਰੋ ਦੇ ਲੜਿਆ ਕਰ
ਲੜ-ਲੜ ਛਾਲੇ ਪਾਇਆ ਕਰ
ਘੜੀ-ਘੜੀ ਤੜਪਾਇਆ ਕਰ।

ਵਿਆਹ-ਕਾਰਜਾਂ ਵੇਲੇ ਕਈ-ਕਈ ਦਿਨ ਇਹ ਰੌਣਕ ਮੇਲੇ ਚੱਲਦੇ ਰਹਿੰਦੇ। ਜਾਗੋ ਕੱਢਦੀਆਂ ਨਾਨਕੀਆਂ ਗਲੀ-ਮੁਹੱਲੇ ਦੇ ਲੋਕਾਂ ਨੂੰ ਸਿੱਠਣੀਆਂ ਦਿੰਦੀਆਂ ਕਹਿੰਦੀਆਂ:

ਗੁਆਂਢੀਓ ਜਾਗਦੇ ਕਿ ਸੁੱਤੇ
ਥੋਡੀ ਜੋਰੋ ਨੂੰ ਲੈ ਗਏ ਕੁੱਤੇ।

ਕਿਸੇ ਗੁਆਂਢੀ ਦਾ ਨਾਂ ਲੈ ਕੇ ਸਿੱਠਣੀਆਂ ਦਾ ਹਮਲਾ ਕੀਤਾ ਜਾਂਦਾ-

ਅਵਤਾਰ ਸਿਆਂ ਜੋਰੋ ਜਗਾ ਲੈ ਵੇ ਜਾਗੋ ਆਈ ਐ

ਅੱਗੋਂ ਜਵਾਬ ਵੀ ਆਪੇ ਦਿੰਦੀਆਂ ਤੇ ਕਹਿੰਦੀਆਂ:

ਚੁੱਪ ਕਰ ਨੀਂ ਮਸਾਂ ਸੁਆਈ ਐ ਲੋਰੀ ਦੇ ਕੇ ਪਾਈ ਐ
ਉੱਠ ਖੜ੍ਹੂਗੀ ਅੜੀ ਕਰੂਗੀ ਮਸਾਂ ਵਰਾਈ ਐ
ਅਵਤਾਰ ਸਿਆਂ ਜੋਰੋ ਜਗਾ ਲੈ ਵੇ ਜਾਗੋ ਆਈ ਐ।


ਵਿਆਹ ਸੰਪਨ ਹੋ ਜਾਂਦਾ, ਜਾਂਦੀਆਂ-ਜਾਂਦੀਆਂ ਨਾਨਕੀਆਂ ਵਿਆਂਦੜ ਦੀ ਮਾਂ ਨੂੰ ਆਖਦੀਆਂ:

ਨਿੱਕੀ-ਨਿੱਕੀ ਸ਼ੱਕਰ ਵਿਚੋਂ ਨਿਕਲ ਆਈ ਕੀੜੀ
ਕਿਆ ਬੀਬੀ ਤੂੰ ਵਿਆਹ ਰਚਾਇਆ
ਖੋਲ੍ਹ ਮੱਥੇ ਦੀ ਤਿਊੜੀ
ਨੀਂ ਅਸਾਂ ਕੈਤ ਆਵਾਂਗੇ ਅਸਾਂ ਕੈਤ ਆਵਾਂਗੇ
ਦੋਹਤੇ-ਦੋਹਤੀ ਦਾ ਵਿਆਹ ਤਮਾਸ਼ਾ ਦੇਖ ਜਾਵਾਂਗੇ।

ਇਹ ਸਿੱਠਣੀਆਂ ਜਾਂ ਹੋਰ ਗਾਉਣ-ਵਜਾਉਣ ਡੂੰਘੀਆਂ ਮੋਹ-ਮੁਹੱਬਤਾਂ ਦੀ ਬਾਤ ਪਾਉਂਦੇ ਸਨ। ਦੂਰ-ਪਾਰ ਦੀਆਂ ਰਿਸ਼ਤੇਦਾਰੀਆਂ ਵੀ ਲੰਮਾ ਸਮਾਂ ਨਿੱਭਦੀਆਂ ਹਨ, ਪਰ ਅੱਜ ਵੀ ਭਾਵੇਂ ਵਿਆਹ-ਸ਼ਾਦੀ ਮੌਕੇ ਬਹੁਤ ਇਕੱਠ ਹੁੰਦੇ ਹਨ, ਪਰ ਅੰਦਰ ਖਾਤੇ ਰਿਸ਼ਤਿਆਂ ਨੂੰ ਖੋਰਾ ਲੱਗ ਗਿਆ ਹੈ।

# ਵਿੱਕੀ ਕੌਸ਼ਲ ਤੇ ਕੈਟਰੀਨਾ ਕੈਫ ਦਾ ਨਵਾਂ ਘਰ ਹੈ ਬੇਹੱਦ ਆਲੀਸ਼ਾਨ





ਬਾਲੀਵੁੱਡ ਅਦਾਕਾਰ ਵਿੱਕੀ ਕੌਸਲ ਅਤੇ ਕੈਟਰੀਨਾ ਕੈਫ ਵਿਆਹ ਤੋਂ ਬਾਅਦ ਆਪਣੇ ਨਵੇਂ ਘਰ 'ਚ ਸਫਿਟ ਹੋਣ ਜਾ ਰਹੇ ਹਨ। ਇਹ ਜੋੜਾ ਜਲਦ ਹੀ ਅਨੁਸਕਾ ਸਰਮਾ ਅਤੇ ਵਿਰਾਟ ਕੋਹਲੀ ਦਾ ਗੁਆਂਢੀ ਬਣ ਜਾਵੇਗਾ। ਵਿੱਕੀ ਅਤੇ ਕੈਟਰੀਨਾ ਨੇ ਅਨੁਸਕਾ ਦੀ ਬਿਲਡਿੰਗ 'ਚ ਇਕ ਅਪਾਰਟਮੈਂਟ ਕਿਰਾਏ 'ਤੇ ਲਿਆ ਹੈ। ਇਸ ਗੱਲ ਦੀ ਪੁਸਟੀ ਖੁਦ ਅਨੁਸਕਾ ਸਰਮਾ ਨੇ ਦੋਹਾਂ ਨੂੰ ਵਿਆਹ ਦੀ ਵਧਾਈ ਦਿੰਦੇ ਹੋਏ ਕੀਤੀ ਹੈ। ਹੁਣ ਇਸ ਅਪਾਰਟਮੈਂਟ ਦੀ ਇਕ ਵੀਡੀਓ ਸਾਹਮਣੇ ਆਈ ਹੈ, ਜੋ ਸੋਸ਼ਲ ਮੀਡੀਆ 'ਤੇ ਵੀ ਕਾਫੀ ਵਾਇਰਲ ਹੋ ਰਹੀ ਹੈ।

**ਵਾਇਰਲ ਹੋਈ ਅਪਾਰਟਮੈਂਟ ਦੀ ਵੀਡੀਓ**

ਸੋਸਲ ਮੀਡੀਆ 'ਤੇ ਵਾਇਰਲ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਵਿੱਕੀ ਅਤੇ ਕੈਟਰੀਨਾ ਦਾ ਇਹ ਨਵਾਂ ਘਰ ਬੇਹੱਦ ਖੂਬਸੂਰਤ ਹੈ ਨਾਲ ਹੀ ਇਹ 'ਸੀ-ਫੇਸਿੰਗ' ਵੀ ਹੈ। ਇਸ ਦਾ ਮਤਲਬ ਹੈ ਕਿ ਵਿੱਕੀ ਅਤੇ ਕੈਟਰੀਨਾ ਹਰ ਰੋਜ ਸਵੇਰੇ ਉੱਠ ਕੇ ਸਮੁੰਦਰ ਨੂੰ ਦੇਖਣਗੇ। ਵੀਡੀਓ 'ਚ ਘਰ ਦੇ ਸਾਹਮਣੇ ਸੀਸੇ ਦੀ ਕੰਧ ਦਿਖਾਈ ਦੇ ਰਹੀ ਹੈ। ਫਿਲਹਾਲ ਇਸ ਘਰ ਦੀ ਉਸਾਰੀ ਦਾ ਕੰਮ ਚੱਲ



ਰਿਹਾ ਹੈ।

**ਅਨੁਸਕਾ ਨੇ ਕੀਤੀ ਹੈ ਪੁਸਟੀ**

ਅਨੁਸਕਾ ਸਰਮਾ ਨੇ ਕੈਟਰੀਨਾ ਦੇ ਗੁਆਂਢੀ ਹੋਣ ਦੀ ਪੁਸਟੀ ਕੀਤੀ ਸੀ। ਕੈਟਰੀਨਾ ਅਤੇ ਵਿੱਕੀ ਨੂੰ ਉਨ੍ਹਾਂ ਦੇ ਵਿਆਹ ਦੀ ਵਧਾਈ ਦਿੰਦੇ ਹੋਏ ਅਨੁਸਕਾ ਸਰਮਾ ਨੇ ਲਿਖਿਆ, ''ਤੁਹਾਨੂੰ ਦੋਵਾਂ ਖੂਬਸੂਰਤ ਲੋਕਾਂ ਨੂੰ ਵਧਾਈਆਂ। ਤੁਸੀਂ ਲੋਕ ਜੀਵਨ ਭਰ ਇਕੱਠੇ ਰਹੋ, ਇੱਕ-ਦੂਜੇ ਨੂੰ ਪਿਆਰ ਕਰੋ ਅਤੇ ਇੱਕ-ਦੂਜੇ ਨੂੰ ਸਮਝੋ। ਮੈਂ ਖੁਸ ਹਾਂ ਕਿ ਤੁਹਾਡਾ ਆਖਿਰਕਾਰ ਵਿਆਹ ਹੋ ਗਿਆ ਹੈ। ਹੁਣ ਤੁਸੀਂ ਆਪਣੇ ਘਰ 'ਚ ਸਫਿਟ ਕਰ ਸਕੋਗੇ ਅਤੇ ਸਾਨੂੰ ਉਸਾਰੀ ਦੀਆਂ ਆਵਾਜਾਂ ਨਹੀਂ ਸੁਣਨੀਆਂ ਪੈਣਗੀਆਂ।''

ਵਿਆਹ ਤੋਂ ਪਹਿਲਾਂ ਵਿੱਕੀ ਕੌਸਲ ਆਪਣੇ ਪਰਿਵਾਰ ਨਾਲ ਮੁੰਬਈ ਦੇ ਅੰਧੇਰੀ ਇਲਾਕੇ 'ਚ ਰਹਿ ਰਿਹਾ ਸੀ। ਇਸ ਦੇ ਨਾਲ ਹੀ ਕੈਟਰੀਨਾ ਆਪਣੀ ਭੈਣ ਨਾਲ ਕਿਰਾਏ ਦੇ ਮਕਾਨ 'ਚ ਰਹਿੰਦੀ ਸੀ। ਵਿਆਹ ਦੀ ਗੱਲ ਕਰੀਏ ਤਾਂ ਵਿੱਕੀ ਅਤੇ ਕੈਟਰੀਨਾ ਦਾ ਵਿਆਹ 9 ਦਸੰਬਰ ਨੂੰ ਰਾਜਸਥਾਨ 'ਚ ਹੋਇਆ ਸੀ। ਵਿਆਹ 'ਚ ਪਰਿਵਾਰ ਅਤੇ ਕਰੀਬੀ ਦੋਸਤਾਂ ਨੇ ਸਰਿਕਤ ਕੀਤੀ।

## ਚੰਡੀਗੜ੍ਹ ਦੀ ਹਰਨਾਜ ਸੰਧੂ ਨੇ ਚਮਕਾਇਆ ਭਾਰਤ ਦਾ ਨਾਂ, ਬਣੀ 'ਮਿਸ ਯੂਨੀਵਰਸ'



ਭਾਰਤ ਦੀ ਹਰਨਾਜ ਸੰਧੂ ਨੇ ਮਿਸ ਯੂਨੀਵਰਸ 2021 ਦਾ ਤਾਜ ਆਪਣੇ ਨਾਂ ਕਰ ਲਿਆ ਹੈ। 70ਵਾਂ ਮਿਸ ਯੂਨੀਵਰਸ ਮੁਕਾਬਲਾ ਇਸ ਸਾਲ 12 ਦਸੰਬਰ ਨੂੰ ਇਜਰਾਈਲ 'ਚ ਹੋਇਆ। ਇਸ ਮੁਕਾਬਲੇ ਦੇ ਮੁੱਢਲੇ ਪੜਾਅ 'ਚ 75 ਤੋਂ ਵੱਧ ਸੁੰਦਰ ਅਤੇ ਪ੍ਰਤਿਭਾਸਾਲੀ ਔਰਤਾਂ ਨੇ ਭਾਗ ਲਿਆ।

ਇਸ ਤੋਂ ਪਹਿਲਾਂ 70ਵੀਂ ਮਿਸ ਯੂਨੀਵਰਸ 2021 'ਚ ਭਾਰਤ ਦੀ ਨੁਮਾਇੰਦਗੀ ਕਰਨ ਵਾਲੀ ਹਰਨਾਜ ਸੰਧੂ ਨੇ ਟੌਪ 10 'ਚ ਥਾਂ ਬਣਾਈ ਸੀ। ਮੁਕਾਬਲੇ ਦੀ ਸੁਰੂਆਤ 'ਚ ਜੱਜਾਂ ਨੂੰ ਲੁਭਾਉਣ ਤੋਂ ਬਾਅਦ ਹਰਨਾਜ ਨੇ ਸਵਿਮਸੂਟ ਰਾਊਂਡ ਲਈ ਰਨਵੇਅ 'ਤੇ ਆਪਣਾ ਆਤਮਵਿਸਵਾਸ ਦਿਖਾਇਆ। ਇਕ ਸਾਨਦਾਰ ਮਾਰੂਨ ਕੈਪ-ਸਲੀਵ ਸਵਿਮਸੂਟ ਪਹਿਨੇ, ਹਰਨਾਜ ਨੇ ਸਭ ਨੂੰ ਪ੍ਰਭਾਵਿਤ ਕੀਤਾ ਅਤੇ ਚੋਟੀ ਦੇ ਟੌਪ 10 'ਚ ਆਪਣਾ ਸਥਾਨ ਪੱਕਾ ਕੀਤਾ। ਇਸ ਨਾਲ ਹਰਨਾਜ ਜਿੱਤ ਦੇ ਇਕ ਕਦਮ ਹੋਰ ਨੇੜੇ ਆ ਗਈ ਸੀ। ਉਸ ਦੇ ਨਾਲ ਟੌਪ 10 'ਚ ਪੈਰਾਗੁਏ, ਪੋਰਟੋ ਰੀਕੋ, ਅਮਰੀਕਾ, ਦੱਖਣੀ ਅਫਰੀਕਾ, ਬਹਾਮਾਸ, ਫਿਲੀਪੀਨਜ, ਫਰਾਂਸ, ਕੋਲੰਬੀਆ ਅਤੇ ਅਰੂਬਾ ਦੀਆਂ ਸੁੰਦਰੀਆਂ ਸਾਮਲ ਸਨ। ਦੱਸ ਦੇਈਏ ਕਿ ਹਰਨਾਜ ਨੂੰ ਮਿਸ ਯੂਨੀਵਰਸ 2021 ਪ੍ਰਤੀਯੋਗਿਤਾ ਲਈ ਸਭ ਤੋਂ ਪਸੰਦੀਦਾ ਲੋਕਾਂ 'ਚੋਂ ਇੱਕ ਮੰਨਿਆ ਜਾ ਰਿਹਾ ਸੀ। ਇਸ ਵਾਰ ਇਹ ਮੁਕਾਬਲਾ ਇਲੀਅਟ, ਇਜਰਾਈਲ 'ਚ ਆਯੋਜਿਤ ਕੀਤਾ ਜਾ ਰਿਹਾ ਹੈ। ਟੀ. ਓ. ਆਈ. ਨਾਲ ਆਪਣੀ ਇੰਟਰਵਿਊ 'ਚ ਹਰਨਾਜ ਨੇ ਮਿਸ ਯੂਨੀਵਰਸ ਮੁਕਾਬਲੇ ਦਾ ਹਿੱਸਾ ਬਣਨ ਬਾਰੇ ਆਪਣਾ ਉਤਸਾਹ ਸਾਂਝਾ ਕੀਤਾ। ਉਸ ਨੇ ਕਿਹਾ, ''ਮੈਂ ਹਮੇਸਾ ਤੋਂ ਇਕ ਅੰਤਰਰਾਸਟਰੀ ਮੰਚ 'ਤੇ ਭਾਰਤ ਅਖਵਾਉਣਾ ਚਾਹੁੰਦੀ ਸੀ। ਹੁਣ ਇਹ ਹੋ ਰਿਹਾ ਹੈ।

## ਨੋਰਾ ਫਤੇਹੀ ਨੂੰ ਡੇਟ ਕਰ ਰਹੇ ਹਨ ਪੰਜਾਬੀ ਗਾਇਕ ਗੁਰੂ ਰੰਧਾਵਾ!

ਬਾਲੀਵੁੱਡ ਸਿਤਾਰੇ ਆਪਣੀਆਂ ਫਿਲਮਾਂ ਅਤੇ ਗਾਣਿਆਂ ਤੋਂ ਇਲਾਵਾ ਨਿੱਜੀ ਜ਼ਿੰਦਗੀ ਨੂੰ ਲੈ ਕੇ ਵੀ ਖ਼ੂਬ ਚਰਚਾ 'ਚ ਰਹਿੰਦੇ ਹਨ। ਇਹ ਸਿਤਾਰੇ ਆਪਣੀ ਡੇਟਿੰਗ ਨੂੰ ਲੈ ਕੇ ਵੀ ਖ਼ੂਬ ਸੁਰਖ਼ੀਆਂ ਬਟੋਰਦੇ ਰਹਿੰਦੇ ਹਨ। ਹੁਣ ਬਾਲੀਵੁੱਡ ਦੀ ਮਸ਼ਹੂਰ ਡਾਂਸਰ ਤੇ ਅਦਾਕਾਰਾ ਨੋਰਾ ਫਤੇਹੀ ਆਪਣੀ ਡੇਟਿੰਗ ਨੂੰ ਲੈ ਕੇ ਚਰਚਾ 'ਚ ਹੈ। ਦਰਅਸਲ ਇਨ੍ਹੀਂ ਦਿਨੀਂ ਉਹ ਗੋਆ 'ਚ ਸਮਾਂ ਬਿਤਾ ਰਹੀ ਹੈ। ਖ਼ਾਸ ਗੱਲ ਇਹ ਹੈ ਕਿ ਗੋਆ 'ਚ ਉਨ੍ਹਾਂ ਨਾਲ ਮਸ਼ਹੂਰ ਪੰਜਾਬੀ ਸਿੰਗਰ ਗੁਰੂ ਰੰਧਾਵਾ ਵੀ ਮੌਜੂਦ ਹਨ। ਨੋਰਾ ਫਤੇਹੀ ਅਤੇ ਗੁਰੂ ਰੰਧਾਵਾ ਨੂੰ ਇਕੱਠੇ ਦੇਖਣ ਤੋਂ ਬਾਅਦ ਉਨ੍ਹਾਂ ਦੇ ਪ੍ਰਸ਼ੰਸਕਾਂ ਦਾ ਮੰਨਣਾ ਹੈ ਕਿ ਉਹ ਇੱਕ ਦੂਜੇ ਨੂੰ ਡੇਟ ਕਰ ਰਹੇ ਹਨ। ਗੋਆ ਦੀਆਂ ਛੁੱਟੀਆਂ ਮਨਾਉਣ ਲਈ ਨੋਰਾ ਫਤੇਹੀ ਅਤੇ ਗੁਰੂ ਰੰਧਾਵਾ ਦੀਆਂ ਤਸਵੀਰਾਂ ਮਸ਼ਹੂਰ ਫੋਟੋਗ੍ਰਾਫਰ ਵਿਰਲ ਭਿਆਨੀ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀਆਂ




ਕੀਤੀਆਂ ਹਨ। ਇਨ੍ਹਾਂ ਤਸਵੀਰਾਂ 'ਚ ਗੁਰੂ ਰੰਧਾਵਾ ਅਤੇ ਨੋਰਾ ਫਤੇਹੀ ਸਮੁੰਦਰ ਦੇ ਕਿਨਾਰੇ ਪਾਣੀ 'ਚ ਇਕੱਠੇ ਸੈਰ ਕਰਦੇ ਨਜਰ ਆ ਰਹੇ ਹਨ। ਇਨ੍ਹਾਂ ਤਸਵੀਰਾਂ 'ਚ ਨੋਰਾ ਫਤੇਹੀ ਸਫੇਦ ਕ੍ਰੌਪ ਟਾਪ ਅਤੇ ਕਾਲੇ ਰੰਗ ਦੇ ਸਾਰਟਸ 'ਚ ਨਜਰ ਆ ਰਹੀ ਹੈ। ਇਸ ਦੇ ਨਾਲ ਹੀ ਗੁਰੂ ਰੰਧਾਵਾ ਪ੍ਰਿੰਟਿਡ ਸਾਰਟਸ-ਸਰਟ 'ਚ ਨਜਰ ਆ ਰਹੇ ਹਨ। ਤਸਵੀਰਾਂ 'ਚ ਦੋਵੇਂ ਬੇਹੱਦ ਖ਼ੂਬਸੂਰਤ ਲੱਗ ਰਹੇ ਹਨ। ਗੁਰੂ ਰੰਧਾਵਾ ਅਤੇ ਨੋਰਾ ਫਤੇਹੀ ਦੇ ਪ੍ਰਸੰਸਕ ਇਨ੍ਹਾਂ ਤਸਵੀਰਾਂ ਨੂੰ ਕਾਫੀ ਪਸੰਦ ਕਰ ਰਹੇ ਹਨ ਤੇ ਕੁਮੈਂਟ ਕਰਕੇ ਵੀ ਆਪਣੇ ਵਿਚਾਰ ਦੇ ਰਹੇ ਹਨ। ਇਨ੍ਹਾਂ ਦੋਵਾਂ ਦੇ ਕਈ ਪ੍ਰਸੰਸਕ ਟਿੱਪਣੀ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ ਦੋਵੇਂ ਇਕ-ਦੂਜੇ ਨੂੰ ਡੇਟ ਰਹੇ ਹਨ ਅਤੇ ਜਲਦੀ ਹੀ ਵਿਆਹ ਕਰਨ ਜਾ ਰਹੇ ਹਨ।



## ਪੰਕਜ ਤ੍ਰਿਪਾਠੀ ਦੇ ਪ੍ਰਾਜੈਕਟ ਰਾਹੀਂ ਮਹਾਬੀਰ ਭੁੱਲਰ ਮੁੜ ਕਰਨਗੇ ਬਾਲੀਵੁੱਡ 'ਚ ਐਂਟਰੀ

ਪੰਜਾਬੀ ਸਿਤਾਰੇ ਲਗਾਤਾਰ ਬਾਲੀਵੁੱਡ ਵੱਲ ਵੱਧ ਰਹੇ ਹਨ, ਆਪਣੀ ਅਦਾਕਾਰੀ ਦੇ ਦਮ 'ਤੇ ਬਾਲੀਵੁੱਡ ਇੰਡਸਟਰੀ 'ਤੇ ਵੀ ਰਾਜ ਕਰ ਰਹੇ ਹਨ। ਹੁਣ ਵਾਰੀ ਹੈ ਉੱਘੇ ਪੰਜਾਬੀ ਅਦਾਕਾਰ ਮਹਾਬੀਰ ਭੁੱਲਰ ਦੀ, ਜੋ ਪੰਜਾਬੀ ਫਿਲਮਾਂ 'ਚ ਆਪਣੇ ਸਾਨਦਾਰ ਕਿਰਦਾਰਾਂ ਲਈ ਜਾਣੇ ਜਾਂਦੇ ਹਨ। ਮਹਾਬੀਰ ਭੁੱਲਰ ਨੂੰ 'ਰੌਕੀ ਮੈਂਟਲ', 'ਅਸਕੇ', 'ਬੰਬੂਕਾਟ' ਵਰਗੀਆਂ ਪੰਜਾਬੀ ਫਿਲਮਾਂ ਤੇ 'ਸੂਰਮਾ', 'ਉੜਤਾ ਪੰਜਾਬ' ਵਰਗੀਆਂ ਹਿੰਦੀ ਫਿਲਮਾਂ 'ਚ ਆਪਣੀਆਂ ਭੂਮਿਕਾਵਾਂ ਲਈ ਜਾਣਿਆ ਜਾਂਦਾ ਹੈ। ਹੁਣ ਉਹ ਇੱਕ ਹੋਰ ਬਾਲੀਵੁੱਡ ਫਿਲਮ ਲਈ ਤਿਆਰ ਹਨ, ਜਿਸ 'ਚ ਪੰਕਜ ਤ੍ਰਿਪਾਠੀ ਵੀ ਨਜਰ ਆਉਣਗੇ।

ਇਸ ਗੱਲ ਦਾ ਸੰਕੇਤ ਖੁਦ ਮਹਾਬੀਰ ਭੁੱਲਰ ਨੇ ਆਪਣੇ ਸੋਸਲ ਮੀਡੀਆ ਰਾਹੀਂ ਦਿੱਤਾ ਸੀ, ਜਿੱਥੇ ਉਨ੍ਹਾਂ ਨੇ ਪੰਕਜ ਤ੍ਰਿਪਾਠੀ ਨਾਲ ਆਪਣੀ ਇਕ ਤਸਵੀਰ ਸ਼ੇਅਰ ਕੀਤੀ ਸੀ ਅਤੇ ਇਸ 'ਚ 'ਮੁੰਬਈ ਕਾਲਿੰਗ' ਦਾ ਕੈਪਸਨ ਦਿੱਤਾ ਸੀ। ਕੈਪਸਨ ਨੇ ਇਹ ਗੱਲ ਹੋਰ ਪੱਕੀ ਕਰ ਦਿੱਤੀ ਹੈ ਕਿ ਉਹ ਬਾਲੀਵੁੱਡ ਫਿਲਮ 'ਚ ਨਜਰ ਆਉਣਗੇ।



ਹਾਲਾਂਕਿ ਕਿਸੇ ਵੀ ਕਲਾਕਾਰ ਵੱਲੋਂ ਇਸ ਨਾਲ ਸਬੰਧਿਤ ਹੋਰ ਵੇਰਵੇ ਜਨਤਕ ਨਹੀਂ ਕੀਤੇ ਗਏ ਹਨ। ਜਿਵੇਂ ਕਿ ਇਹ ਫਲਿਮ ਹੋਵੇਗੀ ਜਾਂ ਵੈੱਬ ਸੀਰੀਜ ਜਾਂ ਹੋਰ ਕੁਝ ਪਰ ਜੋ ਵੀ ਹੋਵੇ, ਇਸ ਪ੍ਰਾਜੈਕਟ ਦਾ ਹਿੱਟ ਹੋਣਾ ਯਕੀਨੀ ਹੈ ਕਿਉਂਕਿ ਇਹ ਦੋਵੇਂ ਅਦਾਕਾਰ ਸਿਖਰ 'ਤੇ ਹਨ। ਜੇਕਰ ਉਨ੍ਹਾਂ ਦੀ ਅਦਾਕਾਰੀ ਦੇ ਹੁਨਰ ਦੀ ਗੱਲ ਕਰੀਏ ਤਾਂ ਦੋਵੇਂ ਕਲਾਕਾਰ ਕਮਾਲ ਦੇ ਹਨ ਅਤੇ ਕਿਸੇ ਪ੍ਰਾਜੈਕਟ ਨੂੰ ਸੁਪਰਹਿੱਟ ਬਣਾਉਣ ਲਈ ਕਾਫੀ ਚੰਗੇ ਹਨ। ਪੰਕਜ ਤ੍ਰਿਪਾਠੀ ਨੇ ਸਕ੍ਰੀਨ 'ਤੇ ਕੁਝ ਅਭੁੱਲ ਭੂਮਿਕਾਵਾਂ ਨਿਭਾਈਆਂ ਹਨ। ਉੱਥੇ ਹੀ ਮਹਾਬੀਰ ਭੁੱਲਰ ਦੀ ਅਦਾਕਾਰੀ ਇਸ ਪ੍ਰਾਜੈਕਟ ਨੂੰ ਹੋਰ ਦਮਦਾਰ ਬਣਾ ਦੇਵੇਗੀ। ਜਦੋਂ ਇਹ ਦੋਵੇਂ ਅਦਾਕਾਰ ਕੰਮ ਕਰਦੇ ਹਨ ਤਾਂ ਇਹ ਪਛਾਣਨਾ ਮੁਸਕਿਲ ਹੁੰਦਾ ਹੈ ਕਿ ਕੀ ਇਹ ਅਦਾਕਾਰ ਅਸਲ 'ਚ ਕਿਰਦਾਰ 'ਚ ਹਨ ਜਾਂ ਉਹ ਆਮ ਹਨ।

ਇਸ ਦੌਰਾਨ ਪੰਕਜ ਤ੍ਰਿਪਾਠੀ ਦੀ ਅਗਲੀ ਫਲਿਮ '83' 24 ਦਸੰਬਰ ਨੂੰ ਰਿਲੀਜ ਹੋਣ ਵਾਲੀ ਹੈ, ਜਿਸ 'ਚ ਐਮੀ ਵਿਰਕ ਅਤੇ ਹਾਰਡੀ ਸੰਧੂ ਵੀ ਮੁੱਖ ਭੂਮਿਕਾਵਾਂ 'ਚ ਹਨ।